

**WATNO DUR**
Jan./Feb., 1981
**P.O. Box 67681 Stn. 'O'**
**Vancouver, B.C. V5W 3V2**

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

**SPECIAL OFFER:**

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $8.00; Other Countries SEA $8.00, AIR $9.00 | VOL. 9 NO. 84<br>JAN./FEB., 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
*Sadhu, 437-9014*

**ASSISTANT EDITOR:**
Sukhwant Hundal, 321-9221

**ADVERTISING EDITOR:**
Karamjit Ghuman, 321-6081

**CIRCULATION EDITOR**
Amarjit Chahal, 581-0406

**MANAGING EDITOR:**
Paul Binning 879-3339

**ADVISER:**
Ajmer Rodey, 438-7793
Surinder Dhanjal, 253-9711 (Windsor)

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, Toronto
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਇਸ ਅੰਕ ਵਿੱਚ:

**ਲੇਖ:** ਜੋਗਿੰਦਰ ਸਿੰਘ ਪਵਾਰ, ਸਵੈਸਾਥੀ

**ਕਵਿਤਾ:** ਮਨਜੀਤ ਇੰਦਰਾ, ਬਲਦੇਵ ਚੀਮਾਂ
ਡਾ: ਗੁਰਚਰਨ ਸਿੰਘ ਪਾਲ, ਵੀਰ ਤੈਨ ਸਾਰਨ,
ਸੁਖਿੰਦਰ, ਹਰੀ ਪਾਲ, ਜਗਦੇਵ ਜਟਾਣਾ

**ਕਹਾਣੀ:** ਗੁਰਬਖਸ਼ ਰੋਸ਼ਾਂਕ, ਗੁਰਮੀਤ ਪਨਾਗੀ
ਜੋਠ ਜਾਂਗਪੁਰੀ

**ਪੁਸਤਕ ਚਰਚਾ:** ਬਲਦੇਵ ਚੀਮਾਂ

**ਸਥਾਈ ਕਾਲਮ:** ਦੂਰੋਂ ਨੇੜਿਉਂ

ਮੁੱਖ ਚਿੱਤਰ: ਇੰਦਰਜੀਤ

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿੱਚ?

ਸਾਧੂ

ਇੰਗਲੈਂਡ ਵਿੱਚ ਹੋਏ ਵਿਸ਼ਵ ਸੰਮੇਲਨ ਬਾਰੇ ਅਜੇ ਚਰਚਾ ਬੜੀ ਗਰਮ ਜੋਸ਼ੀ ਨਾਲ ਚਲ ਰਹੀ ਹੈ ਅਗਲਾ ਸੰਮੇਲਨ ਕੈਨੇਡਾ ਵਿੱਚ ਕਰਵਾਉਣ ਦੀਆਂ ਖਬਰਾਂ ਮਿਲੀਆਂ ਹਨ। ਪਤਾ ਲੱਗਾ ਹੈ ਕਿ ਜਲੰਧਰ ਵਿੱਚ ਹੋਈ ਇਕ ਮੀਟਿੰਗ ਵਿੱਚ ਇਹ ਫੈਸਲਾ ਲੈ ਲਿਆ ਗਿਆ ਹੈ ਕਿ ਅਗਲਾ ਸੰਮੇਲਨ ਕੈਨੇਡਾ ਵਿੱਚ ਹੋਵੇਗਾ। ਕੈਨੇਡਾ ਵਿਚੋਂ ਅਜਮੇਰ ਰੋਡੇ ਅਤੇ ਗੁਰਚਰਨ ਰਾਮਪੁਰੀ ਹੋਰਾਂ ਨੂੰ ਇੰਗਲੈਂਡ ਦੇ ਸੰਮੇਲਨ ਸਮੇਂ ਬਣੀ ਅੰਤਰ ਰਾਸ਼ਟਰੀ ਕਮੇਟੀ ਦੇ ਮੈਂਬਰ ਥਾਪਿਆ ਗਿਆ ਸੀ। ਇਹਨਾਂ ਦੋਨਾਂ ਸੱਜਣਾਂ ਨੂੰ ਮੈਂਬਰਾਂ ਵਜੋਂ ਤੇ ਰਵਿੰਦਰ ਰਵੀ ਨੂੰ ਕਿਸੇ ਜਾਤੀ ਨੇਤਾ ਵਜੋਂ ਜਲੰਧਰ ਹੋਏ ਫੈਸਲੇ ਦੀਆਂ ਇਤਲਾਹਾਂ ਪੁੱਜੀਆਂ। ਅਜਮੇਰ ਤੇ ਰਾਮਪੁਰੀ ਨੇ ਤਾਂ ਇਸਨੂੰ 'ਕੋਈ ਖਾਸ ਗੱਲ ਨਹੀਂ' ਦੇ ਪ੍ਰਭਾਵ ਥੱਲੇ ਤਕਰੀਬਨ ਅਣਗੌਲਿਆਂ ਹੀ ਛੱਡ ਰੱਖਿਆ ਪਰ ਰਵੀ ਨੇ 'ਇਹ ਇਕ ਬਹੁਤ ਵੱਡੀ ਗੱਲ ਹੈ' ਦੇ ਪ੍ਰਭਾਵ ਥੱਲੇ ਹਰ ਪਾਸੇ ਇਸ ਦਾ ਚਰਚਾ ਚਲਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਹੈ।

ਇੰਗਲੈਂਡ ਦੇ ਸੰਮੇਲਨ ਵਿਚੋਂ ਪੰਜਾਬੀ ਬੋਲੀ, ਸਾਹਿਤ ਤੇ ਸਾਹਿਤਕਾਰਾਂ ਨੂੰ ਕੀ ਲਾਭ ਜਾਂ ਨੁਕਸਾਨ ਹੋਇਆ ਹੈ ਇਸਦਾ ਨਿਰਣਾ ਕਰਨਾ ਸਾਡੇ ਲਈ ਅਸੰਭਵ ਜਿਹੀ ਗੱਲ ਹੈ। ਇੰਗਲੈਂਡ ਵਿੱਚ ਸੰਮੇਲਨ ਹੋਣ ਤੋਂ ਪਹਿਲਾਂ ਅਸੀਂ 'ਵਤਨੋਂ ਦੂਰ' ਦੇ ਮਈ/ਜੂਨ 1979 ਦੇ ਸੰਪਾਦਕੀ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਸਨ ਤੇ ਸਾਡਾ ਸੁਝਾਅ ਸੀ ਕਿ ਇਸ ਤਰ੍ਹਾਂ ਦਾ ਵੱਡੇ ਪੱਧਰ ਦਾ ਸੰਮੇਲਨ ਪੰਜਾਬ ਵਿੱਚ ਹੀ ਹੋਵੇ ਤਾਂ ਠੀਕ ਹੈ, ਤੇ ਸਾਡੀ ਹੁਣ ਵੀ ਇਹੋ ਰਾਇ ਹੈ। ਇੰਗਲੈਂਡ ਵਿਚਲੇ ਸੰਮੇਲਨ ਬਾਰੇ ਸਿੱਟੇ ਇੰਗਲੈਂਡ ਦੇ ਲੇਖਕ ਜਾਂ ਜਿਨ੍ਹਾਂ ਲੇਖਕਾਂ ਨੇ ਬਾਹਰੋਂ ਜਾ ਕੇ ਉਸ ਵਿੱਚ ਭਾਗ ਲਿਆ ਉਹੀ ਕੱਢ ਸਕਦੇ ਹਨ ਤੇ ਉਹ ਕੱਢ ਵੀ ਰਹੇ ਹਨ। ਆਰਸੀ ਵਿੱਚ ਛਪੇ ਵਿਸ਼ਨ ਦੱਤ ਸ਼ਰਮਾਂ ਤੇ ਰਘਬੀਰ ਢੰਡ ਦੇ ਲੇਖ ਇਸ ਗੱਲ ਦੀ ਗਵਾਹੀ ਹਨ। ਇਕ ਚਲ ਰਹੀ ਬਹਿਸ ਵਿੱਚ ਹਿੱਸਾ ਲੈਣਾ ਅਸੀਂ ਠੀਕ ਨਹੀਂ ਸਮਝਦੇ ਪਰ ਕੈਨੇਡਾ ਵਿਚਲੇ ਸੰਮੇਲਨ ਬਾਰੇ ਕੁਝ ਕਹਿਣਾ ਅਸੀਂ ਆਪਣਾ ਹੱਕ ਸਮਝਦੇ ਹਾਂ।

ਸੱਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਤਰੀਕੇ ਨਾਲ ਇਹ ਫੈਸਲਾ ਕੀਤਾ ਗਿਆ ਹੈ ਉਹ ਕੈਨੇਡਾ ਵਿਚਲੇ ਪੰਜਾਬੀ ਸਾਹਿਤਕ ਦਾਇਰਿਆਂ ਤੇ ਪੰਜਾਬੀ ਲੋਕਾਂ ਦੀ ਇਕ ਤਰ੍ਹਾਂ ਨਾਲ ਤੌਹੀਨ ਹੈ। ਅਸੀਂ ਇਸ ਤਰ੍ਹਾਂ ਕੀਤੇ ਗਏ ਇਸ ਫੈਸਲੇ ਪ੍ਰਤੀ ਜ਼ੋਰਦਾਰ ਸ਼ਬਦਾਂ ਵਿੱਚ ਗੁੱਸੇ ਦਾ ਇਜ਼ਹਾਰ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਇਸ ਕਿਸਮ ਦਾ ਕੋਈ ਫੈਸਲਾ ਕਰਨ ਦਾ ਹੱਕ ਸਿਰਫ ਸਥਾਨਕ ਲੋਕਾਂ ਦਾ ਹੋਣਾ ਚਾਹੀਦਾ ਹੈ ਜਾਂ ਘੱਟੋ ਘੱਟ ਉਹਨਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਕੋਈ ਫੈਸਲਾ ਹੋਣਾ ਚਾਹੀਦਾ ਹੈ।

ਅੰਤਰ ਰਾਸ਼ਟਰੀ ਕਮੇਟੀ ਨੂੰ ਚਾਹੀਦਾ ਸੀ ਕਿ ਫੈਸਲਾ ਕਰਨ ਤੋਂ ਪਹਿਲਾਂ ਆਪਣੇ ਮੈਂਬਰਾਂ ਰਾਹੀਂ ਕੈਨੇਡਾ ਵਿੱਚ ਰਹਿ ਰਹੇ ਪੰਜਾਬੀਆਂ ਦੀ ਸਥਿਤੀ ਬਾਰੇ ਪੂਰੀ ਜਾਣਕਾਰੀ ਹਾਸਿਲ ਕਰਦੇ। ਕੈਨੇਡਾ ਖੇਤਰਫਲ ਵਿੱਚ ਦੁਨੀਆਂ ਵਿਚੋਂ ਦੂਜਾ ਵੱਡਾ ਮੁਲਕ ਹੈ। ਪੰਜਾਬੀ ਕੈਨੇਡਾ ਦੇ ਹਰ ਹਿੱਸੇ ਵਿੱਚ ਵਸੇ ਹੋਏ ਹਨ। ਵੈਨਕੂਵਰ ਤੋਂ ਟਰਾਂਟੋ ਸਾਢੇ ਤਿੰਨ ਹਜ਼ਾਰ ਮੀਲ ਤੋਂ ਉਪਰ ਹੈ। ਇਹਨਾ ਭੂਗੋਲਿਕ ਦੂਰੀਆਂ ਕਰਕੇ ਕੈਨੇਡਾ ਵਿੱਚ ਪੰਜਾਬੀਆਂ ਦਾ ਵੱਡੀ ਪੱਧਰ ਤੇ ਇਕ ਥਾਂ ਇਕੱਠਾ ਹੋਣਾ ਬਹੁਤ ਮੁਸ਼ਕਲ ਹੈ।

ਇਹਨਾਂ ਮੁਸ਼ਕਲਾਂ ਤੋਂ ਬਿਨਾਂ ਵੀ ਵੇਖਣ ਵਾਲੀ ਗੱਲ ਹੈ ਕਿ ਕੀ ਕੈਨੇਡਾ ਦੇ ਪੰਜਾਬੀ ਇਸ ਮੌਕੇ ਕਿਸੇ ਇਸ ਕਿਸਮ ਦੇ ਸੰਮੇਲਨ ਲਈ ਤਿਆਰ ਹਨ ਕਿ ਨਹੀਂ। ਨਵੇਂ ਥਾਂ ਨਵੀਆਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਲੋਕ ਇਥੇ ਸਥਾਪਤ ਹੋਣ ਵਿਚ ਇੰਨਾਂ ਰੁੱਝੇ ਹੋਏ ਹਨ ਕਿ ਬਹੁਤ ਥੋੜ੍ਹੇ ਲੋਕਾਂ ਕੋਲ ਪੜ੍ਹਨ ਲਿਖਣ ਦਾ ਸਮਾਂ ਹੈ। ਜਿਹੜਾ ਥੋੜਾ ਬਹੁਤਾ ਸਮਾਂ ਲੋਕ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਚੋਂ ਕੱਢਦੇ ਵੀ ਹਨ ਉਹ ਧਰਮ, ਸਿਆਸਤ ਜਾਂ ਹੋਰ ਸਮਾਜਿਕ ਰੁਝੇਵਿਆਂ ਵਿੱਚ ਬਤੀਤ ਕਰ ਦਿੰਦੇ ਹਨ। ਇਹੋ ਕਾਰਨ ਹੈ ਕਿ ਜਿਥੇ ਕੈਨੇਡਾ ਵਿੱਚ ਪੰਜਾਬੀਆਂ ਦੀ ਗਿਣਤੀ ਡੇਢ ਲੱਖ ਦੇ ਨੇੜੇ ਹੈ, ਉਥੇ ਨਿਕਲਦੇ ਪੰਜਾਬੀ ਦੇ ਦੋ ਚਾਰ ਪਰਚੇ, ਅਖਬਾਰਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਇਕ ਦੂਜੇ ਨੂੰ ਧੱਕੇ ਮਾਰਨੇ ਪੈ ਰਹੇ ਹਨ। ਬਹੁਤ ਥੋੜੇ ਲੋਕ ਹਨ ਜਿਹੜੇ ਖੁਦ ਪੈਸੇ ਦੇ ਕੇ ਅਖਬਾਰਾਂ ਰਸਾਲੇ ਖ੍ਰੀਦਦੇ ਹਨ ਤੇ ਪੜ੍ਹਦੇ ਹਨ। ਪੰਜਾਬੀ ਦੀਆਂ ਕਿਤਾਬਾਂ ਖ੍ਰੀਦਣ ਵਾਲੇ ਤਾਂ ਬਹੁਤ ਹੀ ਘੱਟ ਹਨ। ਇਹਨਾਂ ਲੋਕਾਂ ਕੋਲੋਂ ਇਸ ਵੇਲੇ ਖਿੱਚਾ-ਧੂਹੀ ਕਰਕੇ ਸੰਮੇਲਨ ਲਈ ਪੈਸਾ ਤਾਂ ਇਕੱਠਾ ਕੀਤਾ ਜਾ ਸਕਦਾ ਹੈ ਪਰ ਵਿਸ਼ਵ ਸੰਮੇਲਨ ਦੇ ਆਸ਼ਿਆਂ ਨੂੰ ਸਮਝਣ ਜਾਂ ਉਨ੍ਹਾਂ ਵਿੱਚ ਸਰਗਰਮ ਹਿੱਸਾ ਲੈਣ ਲਈ ਇਹਨਾਂ ਨੂੰ ਸ਼ਾਇਦ ਹੀ ਤਿਆਰ ਕੀਤਾ ਜਾ ਸਕੇ।

ਸਵਾਲ ਉੱਠਦਾ ਹੈ ਕਿ ਸੰਮੇਲਨ ਕਰਵਾਉਣ ਦਾ ਫੈਸਲਾ ਅੰਤਰ ਰਾਸ਼ਟਰੀ ਕਮੇਟੀ ਨੇ ਕਿਨ੍ਹਾਂ ਆਸ਼ਿਆਂ ਨੂੰ ਮੁੱਖ ਰੱਖ ਕੇ ਕੀਤਾ ਹੈ। ਜੇ ਉਹ ਪੰਜਾਬੀ ਬੋਲੀ ਤੇ ਸਾਹਿਤ ਲਈ ਫਿਕਰਮੰਦ ਹਨ ਤਾਂ ਉਹਨਾਂ ਨੂੰ ਇਹ ਸੰਮੇਲਨ ਪੰਜਾਬ ਵਿੱਚ ਹੀ ਕਰਵਾਉਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਬੋਲੀ ਤੇ ਸਾਹਿਤ ਦਾ ਜੇ ਕੁਝ ਬਣ ਜਾਂ ਵਿਗੜ ਸਕਦਾ ਹੈ, ਤਾਂ ਉਹ ਪੰਜਾਬ ਵਿੱਚ ਹੀ ਹੋ ਸਕਦਾ ਹੈ।

ਤੇ ਪੰਜਾਬ ਵਿੱਚ ਪੰਜਾਬੀ ਬੋਲੀ ਦੇ ਹਾਲਾਤ ਅਜੇ ਵੀ ਕੋਈ ਇੰਨੇ ਵਧੀਆ ਨਹੀਂ ਨਜ਼ਰ ਆਉਂਦੇ। ਜੇ ਇਹਨਾਂ ਪੰਜਾਬ ਤੋਂ ਬਾਹਰ ਰਹਿੰਦੇ ਲੋਕਾਂ ਦਾ ਹੀ ਖ਼ਿਆਲ ਕਰਨਾ ਹੈ ਤਾਂ ਵੀ ਇਹਨਾਂ ਨੂੰ ਇਕ ਪਾਸੇ ਦਿੱਲੀ ਤੇ ਦੂਜੇ ਪਾਸੇ ਲਾਹੌਰ ਤੋਂ ਦੂਰ ਜਾਣ ਦੀ ਲੋੜ ਨਹੀਂ। ਦਿੱਲੀ ਵਿੱਚ ਪੰਜਾਬੀ ਵੱਸੋਂ ਜਿਸ ਤੇਜ਼ੀ ਨਾਲ ਪੰਜਾਬੀ ਤੋਂ ਬੇਮੁੱਖ ਹੋ ਰਹੀ ਹੈ ਇਹ ਕਿਸੇ ਤੋਂ ਛੁਪੀ ਹੋਈ ਗੱਲ ਨਹੀਂ। ਪਾਕਿਸਤਾਨ ਵਿੱਚ ਪੰਜਾਬੀ ਨਾਲ ਕੀ ਸਲੂਕ ਸਲੂਕ ਹੋ ਰਿਹਾ ਹੈ ਇਹ ਵੀ ਸੱਭ ਜਾਣਦੇ ਹਨ। ਇਸ ਤੋਂ ਬਿਨਾਂ ਜੰਮੂ ਕਸ਼ਮੀਰ ਦੇ ਪੇਂਡੂ ਇਲਾਕਿਆਂ ਵਿੱਚ ਲੱਖਾਂ ਪੰਜਾਬੀ ਬੋਲਦੇ ਲੋਕਾਂ ਬਾਰੇ ਕਦੀ ਕੁਝ ਕਰਨ ਦਾ ਸੋਚਿਆ ਹੈ। ਫੇਰ ਇਹਨਾਂ ਨੂੰ ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਬਚਾਉਣ ਲਈ ਇੰਨੀ ਦੂਰ ਆਉਣ ਦੀ ਕੀ ਲੋੜ ਹੈ। ਜਿਥੋਂ ਤੱਕ ਕੈਨੇਡਾ ਰਹਿੰਦੇ ਪੰਜਾਬੀਆਂ ਦਾ ਸੰਬੰਧ ਹੈ ਉਹਨਾਂ ਦਾ ਆਪਣੀ ਬੋਲੀ ਸਭਿਆਚਾਰ ਨੂੰ ਕਾਇਮ ਰੱਖਣਾ ਜਾਂ ਨਾ ਰੱਖਣਾ ਬਹੁਤ ਇਥੋਂ ਦੀਆਂ ਸਥਾਨਕ ਹਾਲਤਾਂ ਤੇ ਨਿਰਭਰ ਹੈ।

ਕੈਨੇਡਾ ਵਿੱਚ ਵਿਸ਼ਵ ਸੰਮੇਲਨ ਕਰਵਾਉਣ ਦਾ ਫ਼ੈਸਲਾ ਕੈਨੇਡਾ ਦੇ ਪੰਜਾਬੀਆਂ ਦੀਆਂ ਲੋੜਾਂ ਤੇ ਆਧਾਰਿਤ ਹੋਣਾ ਚਾਹੀਦਾ ਹੈ। ਕੈਨੇਡਾ ਵਿਚਲੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਵੱਸਦੇ ਪੰਜਾਬੀਆਂ ਨਾਲੋਂ ਵਖਰੀਆਂ ਹਨ। ਸਾਡੀ ਗਿਣਤੀ ਇਥੇ ਪਿਛਲੇ ਪੰਦਰਾਂ ਸਾਲਾਂ ਤੋਂ ਵਧੀ ਹੈ। ਸਾਡੇ ਇਥੋਂ ਦੇ ਤਾਣੀ ਬਾਣੇ ਦਾ ਅਜੇ ਤੱਕ ਕੋਈ ਮੂੰਹ ਮੱਥਾ ਵੀ ਨਹੀਂ ਬਣਿਆ। ਅਜੇ ਤੱਕ ਇਥੇ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਅਸੀਂ ਪੂਰੀ ਤਰ੍ਹਾਂ ਪਛਾਣ ਵੀ ਨਹੀਂ ਸਕੇ। ਸਾਡੇ ਲੋਕਾਂ ਵਿੱਚ ਸ਼ਰਾਬ ਦੀ ਖਤਰਨਾਕ ਹੱਦ ਤੱਕ ਵਰਤੋਂ, ਨਵੀਆਂ ਆਰਥਿਕ ਤੇ ਸਮਾਜਕ ਸਥਿਤੀਆਂ ਵਿੱਚ ਤੀਵੀਂ ਤੇ ਮਰਦ ਦੇ ਰਿਸ਼ਤੇ ਵਿੱਚ ਆ ਰਹੇ ਪਰਿਵਰਤਨ, ਮਾਪਿਆਂ ਤੇ ਬੱਚਿਆਂ ਦੀਆਂ ਆਪਸੀ ਮੁਸ਼ਕਿਲਾਂ, ਧਾਰਮਿਕ ਤੇ ਧਾਰਮਿਕ ਅਦਾਰਿਆਂ ਦੀਆਂ ਮੁਸ਼ਕਿਲਾਂ, ਆਪਸੀ ਲੁਟ ਖਸੁੱਟ, ਬੋਲੀ, ਸਾਹਿਤ ਤੇ ਸਭਿਆਚਾਰ ਆਦਿ ਅਨਗਿਣਤ ਅਜਿਹੇ ਮਸਲੇ ਹਨ ਜਿਹਨਾਂ ਬਾਰੇ ਅਸੀਂ ਅਜੇ ਪੂਰੀ ਤਰ੍ਹਾਂ ਜਾਣੂ ਹੋਣਾ ਹੈ ਫੇਰ ਹੀ ਉਹਨਾ ਦੇ ਹੱਲ ਲਭਣ ਵੱਲ ਜਾਇਆ ਜਾ ਸਕਦਾ ਹੈ। ਤੇ ਇਹਨਾਂ ਸਮੱਸਿਆਵਾਂ ਨੂੰ ਸਮਝਣ ਵਿੱਚ ਇਥੇ ਰਹਿੰਦੇ ਲੇਖਕ ਤੇ ਬੁਧੀ-ਜੀਵੀ ਹੀ ਸਹਾਈ ਹੋ ਸਕਦੇ ਹਨ ਬਾਹਰਲੇ ਨਹੀਂ। ਕੋਈ ਵੀ ਸੰਮੇਲਨ ਭਾਵੇਂ ਉਹ ਵਿਸ਼ਵ ਪੱਧਰ ਦਾ ਹੋਵੇ ਜਾਂ ਕੌਮੀ ਪੱਧਰ ਦਾ ਇਹਨਾ ਹਾਲਤਾ ਨੂੰ ਮੁੱਖ ਰੱਖਕੇ ਹੀ ਕਰਵਾਉਣ ਦਾ ਫ਼ੈਸਲਾ ਕਰਨਾਂ ਚਾਹੀਦਾ ਹੈ। ਸਾਡੀ ਸਮੱਸਿਆ ਇਸ ਵਕਤ ਆਪਣੀਆਂ ਸਮੱਸਿਆਵਾਂ ਨੂੰ ਸਮਝਣ ਦੀ ਹੈ ਤੇ ਸਾਡੇ ਲੇਖਕਾਂ ਤੇ ਬੁੱਧੀਜੀਵੀਆਂ ਵਿੱਚ 'ਅੱਠ ਘੰਟੇ' ਲਾਉਣ ਬਾਅਦ-ਕੋਈ ਸ਼ਕਤੀ ਬੱਚਦੀ ਹੈ ਤਾਂ ਇਸੇ ਪਾਸੇ ਲੱਗਣੀ ਚਾਹੀਦੀ ਹੈ ਨਾ ਕਿ ਐਵੇਂ ਸ਼ੁਗਲ ਲਈ ਵਿਸ਼ਵ ਸੰਮੇਲਨ ਵਰਗੇ ਧੰਦੇ 'ਚ ਪੈਣਾ ਚਾਹੀਦਾ ਹੈ।

ਜਿਥੋਂ ਤੱਕ ਵੈਨਕੂਵਰ ਦੇ ਸਾਹਿਤਕ ਭਾਈਚਾਰੇ ਦਾ ਸੰਬੰਧ ਹੈ ਉਹ ਇਹਨਾਂ ਗੱਲਾਂ ਤੋਂ ਪੂਰੀ ਤਰ੍ਹਾਂ ਚੇਤੰਨ ਜਾਪਦੇ ਹਨ। ਵੈਨਕੂਵਰ ਪੰਜਾਬੀ ਸਾਹਿਤ ਸਭਾ ਦੀ 25 ਜਨਵਰੀ ਦੀ ਇਕੱਤਰਤਾ ਵਿੱਚ ਇਸ ਮਸਲੇ ਤੇ ਵਿਚਾਰ ਹੋਈ। ਇਸ ਇਕੱਤਰਤਾ ਵਿੱਚ ਸਾਹਿਤ ਸਭਾ ਦੇ ਨਾਲ ਨਾਲ ਵਤਨੋਂ ਦੂਰ ਤੇ ਇੰਡੋ-ਕਨੇਡੀਅਨ ਅਖਬਾਰ ਦੇ ਨੁਮਾਇੰਦੇ ਵੀ ਹਾਜ਼ਰ ਸਨ। ਸਾਰੇ ਹਾਜ਼ਰ ਮੈਂਬਰਾਂ ਨੇ ਇਸ ਵਿਚਾਰ ਨਾਲ ਪੂਰਨ ਸਹਿਮਤੀ ਪ੍ਰਗਟ ਕੀਤੀ ਕਿ ਇਸ ਵੇਲੇ ਕੈਨੇਡਾ ਵਿੱਚ ਵਿਸ਼ਵ ਸੰਮੇਲਨ ਕਰਵਾਉਣਾ ਕਿਸੇ ਪੱਖ ਤੋਂ ਵੀ ਠੀਕ ਨਹੀਂ ਜਾਪਦਾ। ਅਸੀਂ ਸਮਝਦੇ ਹਾਂ ਕਿ ਇਥੋਂ ਦੀਆਂ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਇਕ ਠੀਕ ਫ਼ੈਸਲਾ ਹੈ ਅਤੇ ਵਤਨੋਂ ਦੂਰ ਇਸ ਦਾ ਹਰ ਪੱਖੋਂ ਸਮਰਥਨ ਕਰਦਾ ਹੈ।

o o o


ਵਤਨੋਂ ਦੂਰ

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਤੇ ਗਾਹਕ ਬਣ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।

* ਮੈਂ ਲੋਂ ਗਾਹਕ ਬਣ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

_ _ _ _ _ _ _ _ _ _

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿਪ ਕੋਡ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ।

# ਮੁੜ੍ਹਕੇ ਦੀ ਸਾਂਝ

## ਗੁਰਬਖਸ਼ ਦੇਸਾਂਝ

ਇੰਗਲੈਂਡ ਦੇ ਸਿਆਲ ਦੇ ਆਮ ਦਿਨਾਂ ਵਰਗੇ... ਸਲ੍ਹਾਬੇ... ਸਲ੍ਹਾਬੇ, ਗਮਾਂ ਦੇ ਪਰਛਾਵਿਆਂ ਵਰਗੇ, ਮਿੱਟੀ ਨਾਲ ਮਿੱਟੀ ਹੋਏ ਮਜ਼ਦੂਰ ਵਰਗੇ ... ਸ਼ੁਕਰਵਾਰ ਦੀ ਸ਼ਾਮ ਨੂੰ, ਮੁਟਿਆਰ ਸੀਤੀ, ਪਸੀਨੇ ਦੀ ਬੁਸ੍ਹ ਚੋਂ ਪੈਦਾ ਹੋਈ ਸਾਂਝ ਨੂੰ ਆਤਮਾਂ ਦੇ ਸ਼ੀਸ਼ੇ 'ਚੋਂ ਪਰਖ ਰਹੀ ਸੀ।

ਉਸ ਦਿਨ ਦੇ ਮਿਲੇ ਲਫ਼ਾਫ਼ੇ ਨੂੰ ਉਸਨੇ ਹੱਥਾਂ 'ਚ ਫੜਿਆ ਤੇ ਕਿਸੇ ਨਵੀਂ ਨਵੇਲ ਦਾ ਘੁੰਡ ਚੁੱਕਣ ਵਾਂਗ, ਹੌਲੀ ਹੌਲੀ, ਲਿਫ਼ਾਫ਼ੇ ਦੇ ਪੀਲੇ ਬੁੱਲ੍ਹਾਂ ਤੋਂ ਲੇਸਲਾ ਟੇਪ ਲਾਹੀ। ਕਾਗਜ਼ ਦੀ ਸੁਰਤ ਵਾਲੇ ਪੋਰਾਂ 'ਚੋਂ ਬੂੰਦ ਬੂੰਦ ਕਰਕੇ ਵਗੇ ਮੁੜ੍ਹਕੇ ਦੀ ਵਾਸ਼ਨਾ ਆਈ। ਜਿਵੇਂ ਗਾਰੀ ਮਿੱਟੀ ਹੀ ਮੁੜ੍ਹਕੇ ਦਾ ਫਰਕਦੀ ਹੋਵੇ... ਜਿਵੇਂ ਨਾਂਉਂ ਉਸ ਨਵੀਂ ਬਦਨ ਦੇ ਰੱਖ ਦਿੱਤਾ ਹੋਵੇ। ਹੌਲੀ-ਹੌਲੀ ਜਿਵੇਂ ਮੁੜ੍ਹਕਾ ਤਾਰ ਬਣਕੇ ਸਾਰੇ ਸਰੀਰ 'ਚ ਫੈਲਦਾ ਜਾ ਰਿਹਾ ਹੋਵੇ ਤੇ ਉਸਨੂੰ ਇਸ ਮੁੜ੍ਹਕੇ ਦੀ ਗਾਰ ਦੇ ਧੱਬਿਆਂ 'ਚ ਆਪਣਾ ਆਕਾਰ ਉੱਚਾ ਉੱਚਾ ਹੁੰਦਾ ਲੱਗਿਆ ਤੇ ਨਾਲ ਹੀ ਹਜ਼ਾਰਾਂ ਹੋਰ ਚਿਹਰੇ ... ਭਿੰਨ-ਭਿੰਨ ਰੰਗਾਂ, ਦੇਸ਼ਾਂ, ਕੌਮਾਂ ਧਰਮਾਂ ਦੇ ਉਭਰੇ ਪਰਤੀਤ ਹੋਏ। ਉਹਨਾਂ ਸਾਰੇ ਚਿਹਰਿਆਂ 'ਚ ਮੁੜ੍ਹਕੇ ਦੀ ਸਾਂਝੀ ਸਾਂਝ ਸੀ। ਜਿਸ 'ਚ ਉਸਦੇ ਪਿੰਡ ਦੇ ਕਿਰਸਾਣਾਂ ਦਾ ਸਪੁੱਤਰ ਵੀ ਸੀ - ਜਿਸ ਨਾਲ ਸ਼ਾਇਦ ਪਹਿਲਾਂ ਵੀ ਇਹ ਸਾਂਝ ਹੋਵੇ, ਪਰ ਅੱਜ ਇਹ ਸਾਂਝ ਆਪਣੇ ਸਹੀ ਰੂਪ 'ਚ ਨਿੱਖਰ ਕੇ ਸਾਹਮਣੇ ਆਈ ਸੀ।

ਉਸ ਦੀ ਕਲਪਨਾ ਦਾ ਘੋੜਾ ... ਉਸਨੂੰ ਦੂਰ ਆਪਣੇ ਪਿਆਰੇ ਵਤਨ ਦੀ ਕੁਦਰਤੀ ਗੋਦੀ 'ਚ ਲੈ ਗਿਆ -- ਜਿੱਥੇ ਇੱਕ ਨਿੱਕੀ ਜਿਹੀ ਜਿੰਦ ਪਾਟੇ-ਟੁੱਟਿਆਂ ਹੀ ਕੂੰਜ ਦੇ ਧਾਗਾਂ ਨੂੰ ਸਿੱਧਦੀ... ਸੂਰਜ ਦੀਆਂ ਨਵ-ਜੰਮੀਆਂ ਕਿਰਨਾਂ ਦੇ ਕੁੰਗੂ ਲੈਂਦੀ - ਆਪਣੇ ਬਾਪੂ ਅਤੇ ਭਰਾ ਲਈ ਚਾਹ ਲੈ ਕੇ ਖੇਤਾਂ ਨੂੰ ਜਾਂਦੀ। ਗਰਮੀਆਂ ਦੀਆਂ ਛੁੱਟੀਆਂ 'ਚ ਉਸਨੂੰ ਡੰਗਰ ਚਾਰਨੇ ਪੈਂਦੇ, ਨਿੱਕੀ- ਜਿੰਦ ਮੱਝੋਂ ਸਾ ਸਾ ਨਿਢਾਲ ਹੋ ਜਾਂਦੀ। ਦੁਪਹਿਰ ਨੂੰ ਪਸ਼ੂ ਤਾਂ ਪਿੱਪਲ ਦੀ ਛਾਂਵੇ ਪਾਟੀ ਪਾਟੀ ਧੀ ਕੁੱਕੜ ਪਿੱਛੋਂ ... ਪਲਕਾਂ ਬੰਦ ਕਰਕੇ, ਜੁਗਾਲੀਆਂ ਕਰਦੇ, ਰਬ ਦੇ ਤੱਤੇ ਠੰਡੇ ਬੁੱਲ੍ਹਿਆਂ 'ਚ ਉੱਘਦੇ ਰਹਿੰਦੇ, ਪਰ ਜੀਤੀ? ... ਕਣਕ ਦੇ ਵੱਢਾਂ 'ਚੋਂ ਸਿੱਟੇ ਤੇ ਤੋਤੇ ਚੁਗਣ ਲੱਗ ਪੈਂਦੀ। ਉਸਦੀ ਕਲਪਨਾ 'ਚ ਤਮੰਨਾਵਾਂ ਅੰਗੜਾਈ ਲੈਂਦੀਆਂ ..."ਤਿੰਨ-ਚਾਰ ਹਫ਼ਤਿਆਂ ਪਿੱਛੋਂ ਮੈਂ ਇਹਨਾਂ ਨੂੰ ਕੁੱਟ ਕੇ ਦਾਣੇ ਵੱਖ ਕਰਾਂਗੀ। ਬੀਬੀ ਵੱਟੀ, ਦੇਂਦਾ ਤਾਂ ਲੈ ਦਿੰਦੀ ਐ ... ਪਰ ਮਿੱਠੀਆਂ ਗੋਲੀਆਂ ਨਹੀਂ ਲੈ ਕੇ ਦਿੰਦੀ, ਸ਼ਾਹਕਾਰਾਂ ਦੀ ਹੱਟੀ ਕਿਵੇਂ ਦਿਆਲ ਦਿਆਲ ਆਂਦੀ ਆ। ਮੈਂ ਵੀ ... । ਨਹੀਂ ਮਿੱਠੀਆਂ ਗੋਲੀਆਂ ਨਹੀਂ, ਮੈਂ ਕੁਲਫ਼ੀ ਲਊਂਗੀ। ... ਪਰ .. ਪਰ ਜੇ ਕੁਲਫ਼ੀ ਵਾਲੇ ਨੇ ਦਾਣੇ ਨਾ ਲਏ ਤਾਂ? ... ਮੈਂ ਸੈਂਡੂ ਸ਼ਾਹਣੀਏ ਨੂੰ ਦਾਣੇ ਦੇ ਕੇ ... ਪੈਸਿਆਂ ਦੀ ਠੰਡੀ- ਠਾਰ ਕੁਲਫ਼ੀ .... ਆਹਾ! ਕਿੰਨਾ ਮਜ਼ਾ ਆਊ।" ਉਸ ਨੇ ਸੁੱਕੇ ਬੁੱਲ੍ਹਾਂ ਤੇ ਜੀਭ ਫੇਰੀ।

ਹੌਲੀ ਹੌਲੀ ਦੀ ਨਿਗਾਹ ਬੈੱਡਰੂਮ 'ਚ ਲਗੇ ਕਲੰਡਰ ਵੱਲ ਚਲੇ ਗਈ ... ਜਿੱਥੇ ਇੱਕ ਭੋਲੀਭਾਲੀ ਜਿਹੀ ਬੱਚੀ ਫੁੱਲਾਂ 'ਚੋਂ ਬਾਹਰ ਝਾਕ ਰਹੀ ਸੀ ਜਿਵੇਂ ਉਹਨਾਂ ਨਾਲ ਲੁਕਣ ਮੀਟੀ ਖੇਡ ਰਹੀ ਹੋਵੇ। ਉਸਨੂੰ ਲੱਗਾ ਜਿਵੇਂ ਉਹ ਬੱਚੀ ਉਹ ਖੁਦ ਹੀ ਹੋਵੇ। "... ਨਹੀਂ ... ਨਹੀਂ, ਜ਼ਿੰਦਗੀ ਮੇਰੇ ਨਾਲ ਫੁੱਲਾਂ ਵਾਂਗ ਨਹੀਂ ਖੇਡੀ ... ਸਗੋਂ ਕਣਕ ... ਛੱਟਿਆਂ ਦੇ ਵੱਢਾਂ ਵਾਂਗ ਹੋ ਕੇ ਟੱਕਰੀ ਆ ... ਤੇ ਜਿਸ 'ਚੋਂ ਛੱਟਿਆਂ, ਸਿੱਟਿਆਂ ਵਾਂਗ ਮੈਂ ਆਪਣੀ ਕਿਸਮਤ ਆਪ ਚੁਗੀ ਹੈ" ... ਇਸ ਖਿਆਲ ਨੇ ਫਿਰ ਉਸਨੂੰ ਪਿੰਡ ਦੀ ਲੋਅ 'ਚ ਜਾ ਪਟਕਾਇਆ ਉਸਦੀ ਸ਼ਾਹ ਖਿਆਲੀ ਦੇ ਸਾਹਮਣੇ ਤੇ ਤੂਫ਼ਾਨ ਝੁੱਲਿਆ ਸੀ।

....."ਚੱਲੋ ਖਈ ਚੱਲੋ, ਸ਼ੇਰੂ ਦਲੈਤੀਏ ਦੀ ਧੀ ਸਿੱਟੇ ਚੁਗਦੀ ਆ। ਆਹਾ ... ਹਾ ... ਹਾ।"

ਸਿੱਟਿਆਂ ਨੂੰ ਡਾਂਗ ਨਾਲ ਖਿਲਾਰਦਾ ... ਸੀਤੀ ਦੀ ਕੁਲਫ਼ੀ ... ਮਿੱਠੀਆਂ ਗੋਲੀਆਂ ਨੂੰ ਪੈਰਾਂ ਹੇਠ ਮਧੋਲਦਾ, ਇਹ ਜ਼ੈਲਦਾਰਾਂ ਦਾ ਮੱਖਣਸਿੰਘ ਸੀ ... ਜੋ ਕਾਮਿਆਂ ਦੀ ਨਿਗਰਾਨੀ ਕਰਨ ਖੇਤਾਂ ਵੱਲ ਆਇਆ ਸੀ। ਸੀਤੀ ਦਾ ਪਿਉ ਉਹਨੀਂ ਦਿਨੀਂ ਜ਼ਮੀਨ ਗਹਿਣੇ ਧਰ ਕੇ ਵਲੈਤ ਆਇਆ ਸੀ।

ਸੀਤੀ ਦੀਆਂ ਅੱਖਾਂ 'ਚੋਂ ਵਰ੍ਹਦੀ ਸ਼ਬਨਮ ਨੇ ਉਸ ਬੇ-ਜ਼ਮੀਰੇ ਚਿਹਰੇ ਨੂੰ ਲੱਖ ਲੱਖ ਲਾਹਨਤਾਂ ਪਾਈਆਂ ਤੇ ਉਹ ਬਾਪੂ ਕੋਲ ਨੱਸ ਆਈ। ਉਹ ਡੁਸਕਦੀ ਰਹੀ ... ਬਾਪੂ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਪਰਚਾਉਂਦਾ ਰਿਹਾ।

ਪੁੱਤ! ਤੂੰ ਹੁਣ ਸਿੱਟੇ ਨਾ ਚੁਗਿਆ ਕਰ। ਆਪਣੇ ਦਿਨ ਫਿਰ ਜਾਣੇ ਨੇ, ਤੇਰਾ ਤਾਇਆ ਵਲੈਤ ਪਹੁੰਚ ਗਿਐ, ਆਪਾਂ ਨੂੰ ਪੈਸੇ ਘੱਲੂ, ਆਪਾਂ ਜ਼ਮੀਨ ਛੁਡਾਲਾਂ ਗੇ। ਮੇਰੀ ਸਾਊ ਨੂੰ ਬਹੁਤਾ ਕੰਮ ਨਾ ਕਰਨਾ ਪਊ। ਬੱਸ ਪੜ੍ਹਿਆ ਕਰੂ ਪੜ੍ਹਿਆ। ਪੜ੍ਹ ਲਿਖ ਕੇ ਮਾਸਟਰਨੀ ਲੱਗ ਜੂ। ਕੁਰਸੀ ਤੇ ਬੈਠ ਕੇ ਹੁਕਮ ਚਲਾਇਆ ਕਰੂ ... ਹੁਕਮ।" ਬਾਪੂ ਦੀਆਂ ਕਮਜ਼ੋਰ ਅੱਖਾਂ 'ਚ ਆਸਾਂ ਨੇ ਆ ਆਲ੍ਹਣੇ ਪਾਏ।

..."ਹਾਂ ... ਆਂ ... ਬਾਪੂ ਮੈਂ ਤਾਂ ਮਾਸਟਰਨੀ ਬਣਦੀ। ਉਹ ਸਾਰੀ ਜਿੰਦਗੀ ਆ ਨਾ ਲੂੰਬੜੀ ਜਿਹੀ ... ਜ਼ੈਲਦਾਰਾਂ ਦੀ ਹੱਟੀ ਨੂੰ ਕੁੱਝ ਨੀਂ ਕਹਿੰਦੀ ... ਜਿੰਨੀਆਂ ਮਰਜ਼ੀ ਇਲਤਾਂ ਕਰੇ। ਪਰ ਆਪਣੀ ਗੁਆਂਢਣ ਜਿੰਦੋ ਪਰੂਨ ਨੂੰ ਵੀ ਰੰਗੀਆਂ ਆ, ਪਰ ਉਹ ਉਹਨੂੰ ਟੋਰ ਦੀ ਕੁੱਟਦੀ ਆ ... ਅਖੇ ਤੇਰੇ ਕਪੜੇ ਨੀ ਜੋੜਦੇ, ਤੇਰੇ ਵਾਲੀ

ਬੱਚ ਬਾਕੀ ਨਿਆਣਿਆਂ ਨੂੰ ਵੀ ਹੋ ਜੂ । ਛਿੰਦੋ ਦਾ ਬਾਪੂ ... ਕੰਮ ਤਾਂ ਗੋਰੀ ਹੋਣਾ ਦਾ ਈ ਕਰਦਾ ਆ। ਛਿੰਦੋ ਕਹਿੰਦੀ ਸੀ... 
"ਇਹ ਮੇਰੇ ਬਾਪੂ ਤੋਂ ਬੜਾ ਕੰਮ ਕਰਾਉਂਦੇ ਆ, ਪਤਾ ਨਹੀਂ ਕਿਉਂ ?... ਫੇਰ ਵੀ ਕਈ ਵਾਰੀ ਸਾਨੂੰ ਰਾਤ ਨੂੰ ਰੋਟੀ 'ਨੀ ਮਿਲਦੀ" ਬਾਬਾ ਡੂੰਘੀ ਸੋਚੀਂ ਲੱਥ ਗਿਆ ... ਪਰ ਫਿਰ ਕੁੜੀ ਦਾ ਚਿੱਤ ਲਾਉਣ ਲਈ ਕਹਿ ਉਠਿਆ ..."ਚਲ ਮਾਸਟਰਨੀ ਨਾ ਸਹੀ, ਡਾਕਟਰਨੀ ਬਣ ਜਾਈਂ।"

..."... ਆਹੋ ... ਇਹ ਗੱਲ ਠੀਕ ਆ, ਉਸ ਦਿਨ ਮੇਰੇ ਸਕੂਲੇ ਸੱਟ ਲੱਗੀ ਸੀ ਤਾਂ ਸ਼ਹਿਰ ਵਾਲੀ ਡਾਕਟਰਨੀ ਨੇ ਮੇਰੇ ਪੱਟੀ ਕੀਤੀ ਸੀ ... ਉਸਦੇ ਹੱਥ ਤਾਂ ਬੀਬੀ ਦਿਆਂ ਹੱਥਾਂ ਨਾਲੋਂ ਵੀ ਚੰਗੇ ਆ। ਉਸਨੇ ਮੇਰੇ 'ਨ ਚੁੰਮਾ ਵੀ ਕੀਤਾ ਤੇ ਨਾਲੇ ਮੈਨੂੰ ਗੋਲੀ ਦਿੱਤੀ ਸੀ। ਮੈਂ ਉਸ ਵਰਗੀ ਡਾਕਟਰਨੀ ਬਣੂੰ।"

..."ਅੱਛਾ ਬਈ, ਸਾਡੀ ਬਿੱਲੀ ... ਫਿਰ ਬਾਬੇ ਨੂੰ ਦੁਆ ਦਿਆ ਕਰੂ ?"

"ਮੈਂ ਤਾਂ ਆਪਣੇ ਬਾਬੇ ਨੂੰ ਕਦੀ ਬਿਮਾਰ 'ਈ ਨਹੀਂ ਹੋਣ ਦਊਂ।" ਕਹਿੰਦਿਆਂ ਉਸਨੇ ਬਾਬੇ ਦੇ ਗਲ ਦੁਆਲੇ ਬਾਹਾਂ ਦੀ ਗਲਵਕੜੀ ਹੋਰ ਪੀਡੀ ਕਰ ਦਿੱਤੀ ।

ਬਾਬੇ ਦਾ ਧਿਆਨ ਆਉਂਦਿਆਂ ਹੀ ... ਉਸ ਦੇ ਦਿਲ 'ਚ ਹੌਲ ਜਿਹਾ ਪਿਆ। ਪਿਛਲੀ ਚਿੱਠੀ 'ਚ ਲਿਖਿਆ ਹੋਇਆ ਸੀ ... ਜਦੋਂ ਦੇ ਨਿਆਣੇ ਵਲੈਤ ਗਏ ਆ - ਉਸਨੇ ਮੰਜਾ ਮੱਲ ਲਿਐ।" ਅੱਜ ਅੱਲੀ ਜੀਤੀ ਦੀਆਂ ਅੱਖਾਂ 'ਚੋਂ ਦਰਦ ਡਲਕ ਪਿਆ। ਬਾਬੇ ਦੀ ਸੋਚ ਨਾਲੋਂ ਤਾਂ ਕਿਧਰੇ ਵਧੇਰੇ ਸੋਚ ਉਸਦੇ ਪਿਉ ਨੂੰ ਸੀ ..." ਭਾਈਏ ਹੋਰੀਂ ਕਿਸੇ ਦੀ ਸੁਣਦੇ ਈ ਤਾਂ 'ਨੀ, ਤਾਪ ਚੜ੍ਹੇ ਚੜ੍ਹੇ ਹੀ ਦਿਹਾੜੀ ਲਾਉਣ ਤੁਰ ਪੈਂਦੇ ਆ, ਕਹੂੰ ਤਾਂ ਕਹਿਣਗੇ ...' ਕਿਸੇ ਘਰ ਘੁਰ ਦਾ ਵੀ ਬੰਦੋਬਸਤ ਕਰਨੈ, ਤੁਹਾਡੇ ਹੱਥ ਵੀ ਪੀਲੇ ਕਰਨੇ ਹੋਏ ਕੁਛ ਪੱਲੇ ਹੋਊ 'ਈ ਤਾਂ ......!? ਗੱਲ ਪੂਰੀ ਵੀ ਨਹੀਂ ਹੁੰਦੀ ਕਿ ਬੇਬੇ ਆ ਦਬਕਦੀ ਆ।" ਕੰਮ ਜ਼ਿਆਦਾ ਤੇ ਭਾਰਾ ਹੋਣ ਨਾਲ ਤੇ ਉਪਰੋਂ ਮੀਂਹ ਵਾਲੇ ਮੌਸਮ ਦੀ ਮਿਹਰਬਾਨੀ ਨਾਲ, ਜੀਤੀ ਦੇ ਪਿਉ ਨੂੰ ਸਾਹ ਦੀ ਕਸਰ ਹੋ ਗਈ ਸੀ। ਜੀਤੀ ਨੂੰ ਆਪਣਾ ਸਾਹ ਘੁਟਦਾ ਮਹਿਸੂਸ ਹੋਇਆ।

ਉਸਦਾ ਜ਼ਿਹਨ ਮੁੜ ਬੀਤੇ ਨੂੰ ਫੋਲਣ ਸੁਆਰਨ ਲੱਗਾ ... ਉਸਦੇ ਭਾਈਏ ਦੇ ਬਾਹਰੋਂ ਪੱਕੇ ਸ਼ਾਹ ਨਾਲ ਗਹਿਣੇ ਰੱਖੀ ਜ਼ਮੀਨ ਛੁੱਟ ਗਈ ਤੇ ਘਰ ਦੀ ਹਾਲਤ ਪਹਿਲਾਂ ਨਾਲੋਂ ਮਾੜੀ ਹੋ ਗਈ। ਖਾਣਾ, ਕਪੜੇ, ਆਦਿ ਜੋਗਾ ਔਖੇ ਮਿਲਣ ਲੱਗ ਪਏ। ਪਹਿਲਾਂ ਜੀਤੀ ਘਰ ਦੀ ਨਿੱਘਰੀ ਹਾਲਤ ਤੇ ਘਟੀਆ ਪਨ ਜਿਹੇ ਦਾ ਅਹਿਸਾਸ ਕਰਦੀ ਸੀ ਪਰ ਹੁਣ ਵਲੈਤੀਏ ਦੀ ਧੀ ਹੋਣਾ ਫ਼ਖਰ ਬਣ ਗਿਆ। ਕਦੀਂ ਕਦਾਈਂ ਕੰਮਾਂ ਕਾਰਾਂ ਦਾ ਜ਼ਿਕਰ ਛਿੜਦਾ ਤਾਂ ਉਹ ਗਰਵ-ਅਭਿਮਾਨ 'ਚ ਜਵਾਬ ਦਿੰਦੀ "ਮੇਰੇ ਭਾਈਆ ਜੀ ਵਲੈਤ ਗਏ ਹੋਏ ਆ।"

ਜੀਤੀ ਪੜ੍ਹਨ ਨੂੰ ਹੁਸ਼ਿਆਰ ਨਿਕਲੀ। ਸਾਰੇ ਵਿਦਿਆਰਥੀ, ਅਧਿਆਪਕ ਉਸਦੀ ਬੜੀ ਕਦਰ ਕਰਦੇ ਸਨ। ਕੋ-ਐਜੂਕੇਸ਼ਨ ਵਾਲੇ ਸਕੂਲ 'ਚ ਉਹ ਚਾਰ ਪੰਜ ਸਾਲ ਮਨੀਟਰ ਰਹੀ। ਜਮਾਤ 'ਚ ਰੌਲਾ ਪੈਂਦਾ ਤਾਂ ਉਸਦੇ ਉੱਠ ਕੇ ਖੜ੍ਹ ਜਾਣ ਨਾਲ 'ਈ ਸਾਰੇ ਚੁੱਪ ਵਰਤ ਜਾਂਦੀ।

ਉਹ ਮਿੱਟੀ ਦੇ ਦੀਵੇ ਦੀ ਲੋਅ 'ਚ ਵੀ ਦੋ ਦੋ ਵਜੇ ਤੱਕ ਰਾਤ ਨੂੰ ਪੜ੍ਹਦੀ ਰਹਿੰਦੀ - ਕਿਤਾਬਾਂ ਹੀ ਉਸ ਦੀ ਜ਼ਿੰਦਗੀ ਬਣ ਗਈਆਂ। ਫ਼ਸਲਾਂ ਦੇ ਉਹਲੇ ਲੁਕ ਲੁਕ ਉਹ ਘੰਟਿਆਂ ਬੱਧੀ ਪੜ੍ਹਦੀ ਰਹਿੰਦੀ - ਖਾਣ ਪੀਣ ਦਾ ਚੇਤਾ ਭੁੱਲ ਜਾਂਦੀ। ਉਸ ਦੇ ਖਾਬਾਂ ਨੂੰ ਪਰ ਲੱਗ ਗਏ। ਹਰੇ ਹਰੇ ਘਾਹ ਦੇ ਕੰਢਿਆਂ ਤੇ ਸਿਰ ਰੱਖ ਕੇ ਪਾਣੀ ਦੀਆਂ ਆਵਾਜ਼ਾਂ 'ਚੋਂ ਉਹ ਉਜਲੇ ਭਵਿੱਖ ਦੇ ਸੁਪਨੇ ਤੱਕਦੀ। ਉਸ ਦੀਆਂ ਅਰਮਾਨਾਂ ਭਰੀਆਂ ਨਜ਼ਰਾਂ ਦੀ ਲੋਰ ਪਾ ਕੇ ਮਮਤਾਇਆ ਪਾਣੀ - ਫਸਲਾਂ ਨੂੰ ਨਵੀਂ ਜ਼ਿੰਦਗੀ ਦੇਣ ਲਈ ਵਹਿੰਦਾ ਚਲਿਆ ਜਾਂਦਾ।

ਜੀਤੀ ਦੇ ਬਾਬੇ ਦੇ ਬਾਰ-ਬਾਰ ਕਹਿਣ ਤੇ ... ਉਸਦਾ ਪਿਉ ਇੰਡੀਆ ਗਿਆ। ਜੀਤੀ ਦੇ ਦਿਮਾਗ 'ਚ ਪਿਉ ਦੀ ਸ਼ਟ-ਸਿੱਖ ਦੀ ਧੁੰਦਲੀ ਜਿਹੀ ਸ਼ਕਲ ਸੀ। ਜਦੋਂ ਜੀਤੀ ਨੇ ਆਪਣੇ ਅਨਪੜ੍ਹ ਪਿਉ ਨੂੰ ਵਲੈਤੀ ਸੂਟ 'ਚ ਤੱਕਿਆ ਤਾਂ ਉਸਨੂੰ ਉਹ ਹਾਈ ਸਕੂਲ ਦੇ ਹੈੱਡਮਾਸਟਰ ਵਰਗਾ ਲੱਗਿਆ। ਉਹ ਆਪਣੇ ਪਿਉ ਨੂੰ ਪਹਿਲਾਂ 'ਭਾਈਆ ਜੀ' ਕਹਿ ਕੇ ਸੰਬੋਧਨ ਕਰਿਆ ਕਰਦੀ ਸੀ। ਉਸਦੇ ਮਨ 'ਚ ਆਈ' ਮੇਰਾ ਨਵੇਂ ਰੰਗ ਢੰਗ ਵਾਲਾ ਪਿਉ ਸ਼ਾਇਦ - ਭਾਈਆ ਕਹਾਉਣਾ ਪਸੰਦ ਨਾਂ ਕਰੇ। ਮੈਂ ਸ਼ਹਿਰਨ ਵਾਂਗ ਡੈਡੀ ਕਹਾਂ ? ... ਨਹੀਂ ਨਹੀਂ ... ਪਿਤਾ ਜੀ ਵਧੇਰੇ ਸਜੇਗਾ, ਨਹੀਂ ਇਹ ਵੀ ਓਪਰਾ ਲੱਗਦੈ" ਫਿਰ ਉਸਨੇ ਦੋ ਚਾਰ ਵਾਰੀ ਝਿਜਕ ਜਿਹੀ 'ਚ ਭਾਪਾ ਜੀ ਕਹਿ ਕੇ ਬੁਲਾਇਆ ਤਾਂ ਉਸਦੇ ਪਿਉ ਨੇ ਲਾਡ ਨਾਲ ਕਿਹਾ ..." ਜੀਤੀ ਪੁੱਤ ! ਤੂੰ ਮੈਨੂੰ ਪਹਿਲਾਂ ਵਾਂਗ ਹੀ ਭਾਈਆ ਕਿਹਾ ਕਰ।" ਜੀਤੀ ਹੈਰਾਨ ਹੋਈ ..." ਹੈਂ? ਇਹ ਤਾਂ ਜ਼ਰਾ ਵੀ ਨੀਂ ਬਦਲੇ" ਸੰਬੋਧਨ ਤੋਂ ਹਟ ਕੇ ਹੁਣ ਉਸਦਾ ਧਿਆਨ ਪਿਉ ਦੇ ਹੱਥਾਂ ਤੇ ਕੇਂਦਰਿਤ ਹੋ ਗਿਆ ਉਸਨੇ ਮਹਿਸੂਸ ਕੀਤਾ ... ਸੋਹਣੇ ਵਲੈਤੀ ਸੂਟ ਨੇ ... ਅਸਲੀਅਤ ਨੂੰ ਕੱਜਿਆ ਹੋਇਆ ਹੈ ਤੇ ਫਿਰ ਪਰਦਾ ਵੀ ਆਪਣੇ ਆਪ ਉੱਠ ਗਿਆ ਜਦੋਂ ਦੂਜੇ ਤੀਜੇ ਦਿਨ ਉਹ ਕੁੜਤਾ ਪਜਾਮਾ ਪਾ ਨਿਆਣੇ ਤੇ ਪਿਉ ਰਲ ਨਾਲ ਖੇਤਾਂ 'ਚ ਹੱਥ ਵਟਾਉਣ ਲੱਗੇ।

ਇਕ ਦਿਨ ਜੀਤੀ ਤੋਂ ਰਹਿ ਨਾ ਹੋਇਆ ..." ਭਾਈਆ ਜੀ! ਤੁਸੀਂ ਭਲਾ ਖੇਤਾਂ 'ਚ ਕੰਮ ਕਿਉਂ ਕਰਾਉਣ ਲੱਗ ਜਾਂਦੇ ਓ, ਇਵੇਂ ਚੰਗਾ ਜਿਹਾ 'ਨੀ ਲੱਗਦਾ। ਲੋਕ ਕੀ ਕਹਿਣਗੇ ... ਫਲਾਣਾ ਸਿੰਘ ਵਲੈਤੋਂ ਆਇਐ ਤੇ ਖੇਤਾਂ 'ਚ ਕੰਮ ਕਰਵਾਉਣ ਲੱਗ ਪਿਐ।

...."ਤੂੰ ਤੇ, ਅਸੀਂ ਉਥੇ ਇਸ ਤੋਂ ਵੀ ਭਾਰਾ ਤੇ ਗੰਦਾ ਕੰਮ ਕਰਦੇ ਆ, ਨਾਲੇ ਕੰਮ 'ਚ ਸ਼ਰਮ ਵਾਲੀ ਕਿਹੜੀ ਗੱਲ ਹੋਈ। ਏਨਾ ਈ ਫਰਕ ਆ ਬਈ ਇਥੇ ਸਾਰਾ ਸਾਲ ਢੂਆ ਕੁਟਾ ਕੇ ਵੀ ਭੁੱਖੇ ਮਰਦੇ ਆਂ -

ਉਥੇ ਫੀਰ ਦੀ ਫੀਰ ਕਹਾਣੀ ਮਿਲ ਜਾਂਦੈ।"

ਹੱਥ 'ਚ ਫੜੇ ਲਫਾਫੇ ਨੂੰ ਉਹ ਘੂਰੀ ਘਣਾ ਕੇ ਵੇਖੀ ਜਾ ਰਹੀ ਸੀ ਉਸ ਦੇ ਕਾਇਦੇ ਨੇ ਕਿੰਨਾ ਵੱਡਾ ਸੱਚ ਖੋਲ੍ਹਿਆ ਸੀ... ਤੇ ਉਸਦੇ ਅੰਦਰਲੇ ਗਿਆਨ ਦੇ ਪਲਕਾਂ ਖੁਲ੍ਹਦੀਆਂ ਸਨ।

ਫਿਰ ਉਸਨੂੰ ਦਿਹਾੜੀ ਕਰਨ ਜਾਂਦੇ ਮਜ਼ਦੂਰ ਆਪਣੇ ਪਿਉ ਵਰਗੇ ਲੱਗਣ ਲੱਗੇ।... "ਵਲੈਤੀਏ ਪਿਉ ਤੇ ਵਲੈਤੀਏਆਂ ਦਾ ਦਾ ਭੂਤ ਸਿਰ 'ਚੋਂ ਨਿਕਲ ਗਿਆ ਮਜ਼ਦੂਰਾਂ ਦੇ ਚੇਹਰਿਆਂ 'ਚ ਉਸਦਾ ਆਪਣਾ ਪਿਉ ਦਿਸਣ ਲੱਗਾ। ਘਰ ਦੀ ਛੱਤ ਤੇ ਚੜ੍ਹ ਕੇ... ਉਹ ਕਈ ਕਈ ਵਾਰ ਮਜ਼ਦੂਰਾਂ ਦੇ ਅੱਧ ਮੁਨਦੇ ਚੁਲ੍ਹਿਆਂ ਦੇ ਧੂਇਆਂ 'ਚ ਗਵਾਚੀ ਰਹਿੰਦੀ। ਜ਼ਿਮੀਦਾਰਾਂ ਦੇ ਮਕਾਨ ਵੱਲੋਂ ਭਾਂਤ ਭਾਂਤ ਦੇ ਖਾਣਿਆਂ ਦੀ ਆਉਂਦੀ ਖੁਸ਼ਬੋਅ ... ਆਲੇ ਦੁਆਲੇ ਦੀ ਧੂਆਂਖੀ ਫਿਜ਼ਾ ਦਾ ਮਜ਼ਾਕ ਉਡਾਉਂਦੀ ਲੱਗਦੀ। ਉਦੋਂ ਜਿਵੇਂ ਕਈ ਮੱਖਣ ਸਿੰਘ ਜਿਹੇ... ਉਸਦੇ ਸਿਦਕਾਂ 'ਚ ਉਡਾਇਆ ਸੀ। ਉਹ ਸੋਚਦੀ ਰਹਿੰਦੀ... ਛੇ ਛੇ.. ਸੱਤ ਸੱਤ ਜੀਅ, ਇਕ ਕਮਰੇ 'ਚ ਹੀ ਟੁੱਟੀਆਂ ਭੁਰੀਆਂ ਮੰਜੀਆਂ ਤੇ ਸੌਂਦੇ ਆ। ਜਦ ਕਿ ਉਸਦੇ ਦੁਆਲੇ ਦੇ ਮਕਾਨ 'ਚ ਨਵਾਬੀ ਪਲੰਘ ਵਿਛੇ ਸਨ ਤੇ ਸਾਰੀ ਸਾਰੀ ਰਾਤ ਗੈਸ ਦੀ ਲੈਂਪ ਜਲੇ 'ਚ ਉਗਲਾਉਂਦੇ ਛੋਟੇ-ਘਰਾਂ ਨੂੰ ਮੂੰਹ ਚਿੜਾਉਂਦੀ ਰਹਿੰਦੀ, ਕਈ ਕਈ ਤਾਂ ਵੇਖਣਾ ਵੀ ਰੰਗ ਬੰਦ ਜਾਂਦਾ... ਜਦੋਂ ਕੋਈ ਸਰਕਾਰੀ ਜਾਂ ਹੋਰ ਕੋਈ ਖਾਸ ਦਿਨ ਆਉਂਦਾ ਤਾਂ ਉਸ ਘਰੋਂ ਸਾਰੀ ਸਾਰੀ ਰਾਤ ਲੋਕ ਗੀਤ ਤੇ ਹੱਸਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਜਿਵੇਂ- ਸਾਰੇ ਮਜ਼ਦੂਰ ਲੋਕਾਂ ਦੇ ਮੁੜ੍ਹਕੇ ਦੀ ਸ਼ਰਾਬ ਦੇ ਜਸ਼ਨ ਮਨਾਏ ਜਾ ਰਹੇ ਹੋਣ।

ਮੀਤੀ ਦੇ ਜ਼ਿਹਨ 'ਚ ਸਵਾਲਾਂ ਦੀ ਭਰਮਾਰ ਰਹਿੰਦੀ। ਬਾਪੂ ਦੇ ਜਵਾਬ 'ਚੋਂ ਉਸਨੂੰ ਤਸੱਲੀ ਨਹੀਂ ਸੀ ਮਿਲਦੀ। ਮੀਤੀ ਦਾ ਇਕ ਅਧਿਆਪਕ ਸਾਰੇ ਅਧਿਆਪਕਾਂ ਨਾਲੋਂ ਵੱਖਰਾ ਸੀ.. ਜੋ ਮੀਤੀ ਨੂੰ.. ਜ਼ਿੰਦਗੀ 'ਚ ਵਿਖਰੇ ਰੰਗਾਂ ਬਾਰੇ ਪੂਰੀ ਤਰ੍ਹਾਂ ਸਮਝਾਉਂਦਾ ਤੇ ਕੁਰਾਹ ਦੀਆਂ ਵਿਊਂਤਾਂ ਬਾਰੇ ਵੀ ਚਾਨਣ ਕਰਦਾ-ਰਹਿੰਦਾ। ਹੌਲੀ... ਹੌਲੀ, ਮੀਤੀ ਨੂੰ ਸਮਾਜਿਕ ਵਰਤਾਰੇ ਦੀ ਸਮਝ ਆਉਣ ਲੱਗ ਪਈ।

ਜਦੋਂ ਮੀਤੀ ਦੀ ਮਾਂ ਚੱਲ ਵੱਸੀ ਤਾਂ ਚਾਚੀ ਚਾਚੇ ਨੇ ਵੀ ਬੱਚਿਆਂ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ, ਭਾਂਵੇ ਮੀਤੀ ਦਾ ਪਿਉ ਸਾਰਾ ਖਰਚਾ ਭੇਜਣ ਨੂੰ ਤਿਆਰ ਸੀ। ਪਰ ਚਾਚੀ ਦੇ ਕਹਿਣ ਨੇ "ਜੁਆਨ-ਜਹਾਨ ਧੀ ਦੀ ਜ਼ਿੰਮੇਵਾਰੀ ਆਪਾਂ ਤੋਂ ਨੀ ਸਾਂਭੀ ਜਾਣੀ। ਕਿੱਤੇ ਨਾਟਕਾਂ ਨਾਂ ਗੋਸ਼ਟੀਆਂ ਕਰਨੀਆਂ... ਸਮਾਗਮਾਂ 'ਚ ਲੈਕਚਰ ਦੇਣੇ, ਕਿਸੇ ਭਲੇ ਘਰ ਦੀ ਧੀ ਨੂੰ ਸੋਭਦੇ ਆ? ਹੁਣ ਤਾਂ ਇਸ ਦੇ ਦਾਜ ਦਹੇਜ ਬਣਾਉਣ ਦੇ ਦਿਨ ਆ, ਤੇ ਇਸ ਦੀਆਂ ਪੜ੍ਹਾਈਆਂ ਸਾਰ ਨੀ ਮੁੱਕੀਆਂ।" ਮੀਤੀ ਲਈ ਜਿਵੇਂ ਇੰਗਲੈਂਡ ਆਉਣ ਦਾ ਰਾਹ ਹੀ ਖੋਲ੍ਹ ਦਿੱਤਾ। ਦਿਲ ਤੇ ਪੱਥਰ ਰੱਖ ਕੇ... ਜ਼ਿੰਦਗੀ ਨਾਲ ਦੋ ਹੱਥ ਕਰਨ ਲਈ ਉਹ ਇੰਗਲੈਂਡ ਤੁਰ ਆਈ। ਇਥੇ ਆ ਕੇ ਨਾ ਪੜ੍ਹ ਸਕਣ ਦਾ ਝੋਰਾ ਉਸਨੂੰ ਵਿਚੋਂ ਵਿੱਚ ਖਾ ਗਿਆ। ਬਾਕੀ ਮਾਂ ਨਾ ਹੋਣ ਕਰਕੇ ਵੀ ਉਸ ਤੇ ਛੋਟੇ ਭੈਣ, ਭਰਾ, ਪਿਉ ਦੀ ਜ਼ਿੰਮੇਵਾਰੀ ਆਣ ਪਈ... ਘਰ ਦੀ ਮਾਇਕ ਹਾਲਤ ਨੂੰ ਮੁੱਖ ਰੱਖ ਕੇ ਉਹ ਕੇਕਾਂ ਬਣਾਉਣ ਵਾਲੀ ਫੈਕਟਰੀ 'ਚ ਕੰਮ ਕਰਨ ਲੱਗ ਪਈ।

ਮੀਤੀ ਦਾ ਪਿਉ ਆਮ ਦਿਨਾਂ ਨਾਲੋਂ ਲੇਟ ਸੀ... ਫਿਕਰ 'ਚ ਚਿੰਤਤੀ ਸੋਚ ਰਮਕ ਪਿਆ। ਲਫਾਫਾ ਅਜੇ ਵੀ ਉਸਦੇ ਹੱਥ ਵਿੱਚ ਸੀ, ਹੁਣ ਇਸ ਦਾ ਬੁਰਾ ਹਾਲ ਹੋਇਆ ਪਿਆ ਸੀ। ਉਹ ਸੋਚਦੀ ਰਹੀ....

ਇਹ ਲਫਾਫਾ ਹੀ ਹਰੇਕ ਸ਼ੁਕਰਵਾਰ ਨੂੰ ਮਜ਼ਦੂਰਾਂ ਲਈ ਲੋਹੜੀ ਦੀ ਰਾਤ 'ਚ ਬਦਲ ਦਿੰਦੈ... ਮੇਰੇ ਮਜ਼ਦੂਰ ਸਵੇਰ ਤੋਂ 'ਈ ਲੂਤੀਆਂ ਲਾਉਣੀਆਂ ਸ਼ੁਰੂ ਕਰ ਦਿੰਦੇ ਆ। ਅੱਜ ਫਲਾਣੀ ਕੱਲਬ 'ਚ ਜਾਣੈ, ਮਨ ਭਾਉਂਦਾ ਖਾਣਾ ਖਾਣੈ। ਗੋਰੀਆਂ ਔਰਤਾਂ ਦੀ ਸੋਚ ਵੀ ਪਤੀਆਂ ਦੇ ਲਿਫਾਫੇ ਦੁਆਲੇ 'ਈ ਗਰਦਸ਼ ਕਰਦੀ ਆ। ਏਸ਼ੀਅਨ ਮਜ਼ਦੂਰ ਦਾ ਲਿਫਾਫਾ ਜਾਂ ਤਾਂ ਘਰ ਦੀ ਚਾਰ ਦਿਵਾਰੀ 'ਚ ਬੰਦ ਰਹਿਣ ਵਾਂਗ ਬੈਂਕ 'ਚ ਈ ਜਮ੍ਹਾਂ ਹੁੰਦੈ ਜਾਂ, ਪਿੱਛੋਂ ਚਿੱਠੀਆਂ 'ਚ ਆਉਂਦੇ ਖਰਚ, ਜ਼ਮੀਨ ਜਾਇਦਾਦਾਂ ਬਣਾਉਣ ਦੇ ਮਸਲੇ ਇਸ ਦਾ ਹਾਲ ਬਜ਼ਾਰੀ ਵਿਕਣ ਵਾਲੇ ਜਿਸਮਾਂ ਵਰਗਾ ਕਰ ਦਿੰਦੇ ਆ। ਪਿੱਛੋਂ ਮੇਰੇ ਪਿਉ ਵਰਗਿਆਂ ਦਾ ਹਾਲ ਔਰਤ ਦੀ ਸੱਖਣੀ ਗੋਦ ਵਰਗਾ ਹੋ ਜਾਂਦੈ ਤੇ ਉਹਨਾਂ ਕੋਲ ਘਰ ਖਰੀਦਣ - ਬੱਚਿਆਂ ਦੇ ਪਾਲਣ-ਪੋਸਣ ਜੋਗਾ ਵੀ ਨਹੀਂ ਬਚਦਾ, ਤੇ ਸਾਡੇ ਵਰਗੇ ਮਕਾਨ ਮਾਲਕਾਂ ਦੇ ਤਰਸ ਤੇ ਇਕ ਅੱਧ ਕਮਰੇ 'ਚ ਸੁੰਗੜ ਸੁੰਗੜ ਗੁਜ਼ਾਰਾ ਕਰਦੇ ਆਂ।

ਹਰ ਸ਼ੁਕਰਵਾਰ ਨੂੰ ਮੇਰੇ ਪਿਉ ਵਰਗੇ ਹਫ਼ਤੇ ਭਰ ਦੀ ਥਕਾਵਟ ਨੂੰ ਬੀਅਰ ਦੇ ਗਲਾਸਾਂ 'ਚ ਡੋਬ ਕੇ ਘਰ ਪਰਤਦੇ ਹਨ। ਉਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਮੰਜ਼ਲ ਵੱਲ ਵੱਧ ਰਹੇ ਹਨ ਜਾਂ ਪਿੱਛੇ ਹੱਟ ਰਹੇ ਹਨ। ਪਰ ਇਕ ਗੱਲ ਜ਼ਰੂਰ ਆ, ਜ਼ਿੰਦਗੀ ਦੇ ਮਲੋਮੱਲੀ ਬਾਦਸ਼ਾਹ ਬਣਨ ਵਾਲੇ ਦੀ ਉਹਨਾਂ ਦੀ ਕਤਾਰ 'ਚ ਆ ਲੱਗੇ ਸਨ।

ਉਸ ਦਿਨ ਦੁਪਿਹਰ ਵੇਲੇ ਕੰਟੀਨ 'ਚ ਜਾਂਦਿਆਂ ਮੀਤੀ ਨੇ ਦੇਖਿਆ ਕਿ ਉਸ ਤੋਂ ਅੱਗੇ ਜਾਂਦੇ ਆਦਮੀ ਦਾ ਲਿਫਾਫਾ ਡਿੱਗ ਪਿਆ ਸੀ। ਉਹ ਹੱਥ 'ਚ ਲਿਫਾਫਾ ਲੈ ਕੇ ਬੇ-ਤਹਾਸ਼ਾ ਉਸ ਵੱਲ ਨੱਸੀ।

"ਭਾਜੀ! ਭਾਜੀ! ਤੁਹਾਡਾ ਲਿਫਾਫਾ ਡਿੱਗ ਪਿਐ।" ਆਦਮੀ ਨੇ ਮੂੰਹ ਮੋੜਿਆ ਤਾਂ ਉਸ ਦੀ ਹੈਰਾਨੀ ਨੂੰ ਉਹ ਆਦਮੀ - ਮਿੱਟੀ-ਘੱਟੇ 'ਚ ਲੱਥ ਪੱਥ ਹੋਇਆ ਜ਼ਿਮੀਦਾਰਾਂ ਦਾ ਮੱਖਣ ਸਿੰਘ ਸੀ ਜੋ - ਦੁਬਾਰਾ ਕੰਮ ਤੇ ਲੱਗਣ ਲਈ ਵਾਪਸ ਆਪਣੇ ਡੀਪਾਰਟਮੈਂਟ ਵੱਲ ਜਾ ਰਿਹਾ ਸੀ। ਲਿਫਾਫਾ ਫੜਦਿਆਂ ਮੱਖਣ ਸਿੰਘ ਦਾ ਹੱਥ ਕੰਬਿਆ ਜੋ ਜ਼ਿੰਦਗੀ 'ਚ ਪਹਿਲਾਂ ਕਦੀ ਨਹੀਂ ਸੀ ਕੰਬਿਆ।

o o o

# ਪੰਜਾਬੀ ਭਾਸ਼ਾ ਦੀ ਉੱਨਤੀ ਦੀ ਨੁਹਾਰ

ਡਾ: ਜੋਗਿੰਦਰ ਸਿੰਘ ਪਵਾਰ

ਸੰਸਾਰ ਵਿਚ ਬੋਲੀਆਂ ਜਾਣ ਵਾਲੀਆਂ ਵੱਖ ਵੱਖ ਭਾਸ਼ਾਵਾਂ ਵਿਚੋਂ ਕੁਝ ਇਕ ਨੂੰ 'ਉੱਨਤ' ਅਤੇ ਦੂਜੀਆਂ ਨੂੰ 'ਅਰਧ ਉੱਨਤ' ਭਾਸ਼ਾਵਾਂ ਦਾ ਨਾਂ ਦਿਤਾ ਜਾਂਦਾ ਹੈ। 'ਉੱਨਤ' ਅਤੇ 'ਅਰਧ ਉੱਨਤ' ਤੋਂ ਇਹ ਸਮਝ ਲਿਆ ਜਾਂਦਾ ਹੈ ਕਿ ਸਿਰਫ 'ਉੱਨਤ' ਭਾਸ਼ਾਵਾਂ ਹੀ ਕਚਹਿਰੀਆਂ, ਸਰਕਾਰੀ ਦਫਤਰਾਂ ਜਾਂ ਸਕੂਲਾਂ ਕਾਲਜਾਂ ਵਿਚ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੀਆਂ ਜਾਣ ਦੇ ਸਮਰਥ ਹੁੰਦੀਆਂ ਨੇ ਅਤੇ 'ਅਰਧ-ਉੱਨਤ' ਭਾਸ਼ਾਵਾਂ ਵਿਚ ਅਜਿਹੀ ਸਮਰਥਾ ਨਹੀਂ ਹੁੰਦੀ। ਪਰ ਭਾਸ਼ਾ-ਵਿਗਿਆਨੀ ਇਸ ਤੱਥ ਵਿਚ ਕੋਈ ਵਜ਼ਨ ਨਹੀਂ ਵੇਖਦੇ ਅਤੇ ਇਹ ਮੰਨਦੇ ਨੇ ਕਿ ਹਰ ਭਾਸ਼ਾ ਉਸ ਭਾਸ਼ਾਈ ਗਰੁਪ ਦੇ ਲੋਕਾਂ ਦੇ ਸਭ ਪਰਕਾਰ ਦੇ ਹਾਵ ਭਾਵ ਪ੍ਰਗਟਾਉਣ ਅਤੇ ਸਮੇਂ ਸਮੇਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਦੇ ਯੋਗ ਹੁੰਦੀ ਹੈ। ਕਿਸੇ ਵੀ ਭਾਸ਼ਾ ਨੂੰ ਸਬੰਧਤ ਭਾਸ਼ਾਈ ਬਰਾਦਰੀ ਦੇ ਜੀਵਨ ਦੇ ਵੱਖ ਵੱਖ ਪੱਖਾਂ ਵਿਚ ਵਰਤਣ ਲਈ ਸਿਰਫ ਠੀਕ ਭਾਂਤ ਦੀ ਵਿਉਂਤ-ਬੰਦੀ ਦੀ ਲੋੜ ਹੁੰਦੀ ਹੈ। ਠੀਕ ਭਾਸ਼ਾਈ ਵਿਉਂਤ-ਬੰਦੀ ਭਾਸ਼ਾ ਦੇ ਲਿਖਤੀ ਅਤੇ ਬੋਲ-ਚਾਲ ਦੇ ਟਕਸਾਲੀ ਰੂਪ ਨੂੰ ਸਥਾਪਤ ਕਰਨ ਵਿਚ ਸਹਾਈ ਹੁੰਦੀ ਹੈ। ਭਾਸ਼ਾਈ ਵਿਉਂਤ-ਬੰਦੀ ਰਾਹੀਂ ਹੀ ਭਾਸ਼ਾ ਨੂੰ ਉੱਨਤੀ ਦੇ ਰਸਤੇ 'ਤੇ ਪਾਇਆ ਜਾਂਦਾ ਹੈ। ਇਸ ਤਰ੍ਹਾਂ ਭਾਸ਼ਾ ਨੂੰ ਵਧੇਰੇ ਅਮੀਰ ਅਤੇ ਉੱਨਤ ਕਰਨ, ਇਸ ਦੀ ਸਾਹਿਤਕ ਯੋਗਤਾ ਵਧਾਉਣ, ਭਾਸ਼ਾ ਦੇ ਵੱਖ ਵੱਖ ਪੱਖਾਂ ਨੂੰ ਸੁਮਝਣ/ਸਮਝਾਉਣ, ਪੁਸਤਕਾਂ ਅਤੇ ਹਰ ਭਾਂਤ ਦੇ ਸਮਾਚਾਰ ਤੇ ਹੋਰ ਪੱਤਰ ਛਾਪਣ, ਸ਼ਬਦ-ਜੋੜਾਂ ਵਿਚ ਇਕਸਾਰਤਾ ਲਿਆਉਣ ਅਤੇ ਹਰ ਭਾਂਤ ਦੀ ਤਕਨੀਕੀ ਸ਼ਬਦਾਵਲੀ ਤਿਆਰ ਕਰਨ ਲਈ ਲੜੀਂਦੇ ਯਤਨ ਕੀਤੇ ਜਾਂਦੇ ਨੇ। ਸਰਬੰਗੀ ਵਿਆਕਰਨਾਂ ਤਿਆਰ ਕਰਨਾ ਵੀ ਭਾਸ਼ਾਈ ਵਿਉਂਤ-ਬੰਦੀ ਦਾ ਹੀ ਜ਼ਰੂਰੀ ਅੰਗ ਹੁੰਦਾ ਹੈ। ਇਹਨਾਂ ਮੰਤਵਾਂ ਦੀ ਪੂਰਤੀ ਲਈ ਬਹੁਤ ਸਾਰੇ 'ਅਰਧ-ਉੱਨਤ' ਦੇਸ਼ਾਂ ਵਿਚ, ਜੋ ਕਿ ਉੱਨਤੀ ਕਰਨਾ ਚਾਹੁੰਦੇ ਨੇ, ਭਾਸ਼ਾਈ ਵਿਉਂਤ-ਬੰਦੀ ਲਈ ਅਦਾਰੇ ਕਾਇਮ ਕੀਤੇ ਗਏ ਨੇ। ਇਹ ਅਦਾਰੇ ਇਨ੍ਹਾਂ ਦੇਸ਼ਾਂ ਦੀ ਸਮੁੱਚੀ ਯੋਜਨਾ-ਬੰਦੀ ਦਾ ਹੀ ਅੰਗ ਨੇ।

ਭਾਸ਼ਾ ਵਿਗਿਆਨੀ ਅਤੇ ਮਨੋ-ਵਿਗਿਆਨੀ ਇਸ ਗੱਲ ਨਾਲ ਸਹਿਮਤ ਨੇ ਕਿ ਬੱਚੇ ਨੂੰ ਮੁਢਲੀ ਸਿਖਿਆ ਉਸ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਹੀ ਦੇਣੀ ਚਾਹੀਦੀ ਹੈ। ਜੇ ਮਾਤ-ਭਾਸ਼ਾ ਤੋਂ ਬਿਨਾਂ ਕੋਈ ਹੋਰ ਮਾਧਿਅਮ ਵਰਤਿਆ ਜਾਵੇ ਤਾਂ ਉਹ ਬੱਚ ਦੇ ਮਨ 'ਤੇ ਬੇਲੋੜਾ ਭਾਰ ਪਾਉਂਦਾ ਹੈ ਅਤੇ ਬੱਚੇ ਦੀ ਬਹੁਤੀ ਸ਼ਕਤੀ ਇਸ ਮਾਧਿਅਮ ਨੂੰ ਸਮਝਣ ਵਿਚ ਹੀ ਲਗ ਜਾਂਦੀ ਹੈ ਅਤੇ ਉਹ ਸਹੀ ਵਿਸ਼ੇ ਨੂੰ ਯੋਗ ਭਾਂਤ ਸਮਝਣੋਂ ਅਸਮਰਥ ਰਹਿੰਦਾ ਹੈ। ਮਾਤ-ਭਾਸ਼ਾ ਤੋਂ ਬਿਨਾਂ ਕੋਈ ਹੋਰ ਭਾਸ਼ਾ ਸਿੱਖਣ ਲਈ ਬੱਚੇ ਨੂੰ ਵਧੇਰੇ ਕੋਸ਼ਿਸ਼ ਕਰਨੀ ਪੈਂਦੀ ਹੈ ਜਦੋਂ ਕਿ ਬੱਚੇ ਨੂੰ ਆਪਣੀ ਮਾਤ੍ਰਾ-ਭਾਸ਼ਾ ਸਿੱਖਣ ਲਈ ਕੋਈ ਸੁਚੇਤ ਯਤਨ ਨਹੀਂ ਕਰਨਾ ਪੈਂਦਾ, ਸਗੋਂ ਉਹ ਆਪਣੀ ਮਾਤ-ਭਾਸ਼ਾ ਅਚੇਤ ਤੌਰ 'ਤੇ ਹੀ ਸਿੱਖ ਲੈਂਦਾ ਹੈ। ਇਹੋ ਇਕ ਕਾਰਨ ਹੈ ਕਿ ਜਦੋਂ ਬੱਚੇ ਨੂੰ ਸਿੱਖਿਆ ਕਿਸੇ ਬਦੇਸ਼ੀ ਭਾਸ਼ਾ ਦੇ ਮਾਧਿਅਮ ਦੀ ਥਾਂ ਉਸ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਦਿਤੀ ਜਾਂਦੀ ਹੈ ਤਾਂ ਉਸ ਵਿਚ ਹਰ ਵਿਸ਼ੇ ਸਬੰਧੀ ਪੁਛ-ਗਿਛ ਦਾ ਸ਼ੌਕ ਵਧ ਜਾਂਦਾ ਹੈ ਅਤੇ ਨਾਲ ਹੀ ਉਸ ਵਿਸ਼ੇ ਸਬੰਧੀ ਉਸਦੀ ਪਕੜ ਵੀ ਵਧੇਰੇ ਮਜ਼ਬੂਤ ਹੋ ਜਾਂਦੀ ਹੈ। ਇਸੇ ਲਈ ਹੀ ਮਾਤ-ਭਾਸ਼ਾ ਨੂੰ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੇ ਜਾਣ ਨੂੰ ਪਹਿਲ ਦਿਤੀ ਜਾਂਦੀ ਹੈ।

ਭਾਵੇਂ ਪੰਜਾਬੀ ਨੂੰ ਪੰਜਾਬ ਵਿਚ ਸਰਕਾਰੀ ਭਾਸ਼ਾ ਦਾ ਦਰਜਾ ਤਾਂ ਪ੍ਰਾਪਤ ਹੋ ਗਿਆ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਪੰਜਾਬੀ ਹੀ ਸਰਕਾਰੀ ਕੰਮ ਕਾਜ ਲਈ ਅਤੇ ਸਕੂਲਾਂ ਕਾਲਜਾਂ ਵਿਚ ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੀ ਜਾਵੇਗੀ ਪਰ ਇਸ ਸਭ ਕਾਸੇ ਦੇ ਰਸਤੇ ਵਿਚ ਅਣ-ਗਿਣਤ ਔਕੜਾਂ ਖੜੀਆਂ ਨੇ। ਕੰਮ ਅਟਕਾਊ ਨੌਕਰਸ਼ਾਹੀ, ਅਰੁਚਿਤ ਅਧਿਆਪਕ ਵਰਗ, ਪੰਜਾਬੀਆਂ ਵਿਚੋਂ ਹੀ ਕਝ ਲੋਕ ਅਤੇ ਕਝ ਇਕ ਬਾਰਸੂਖ ਅਦਾਰੇ ਪੰਜਾਬੀ ਭਾਸ਼ਾ ਨੂੰ ਇਸ ਦੇ ਪ੍ਰਾਪਤ ਸਥਾਨ ਤੋਂ ਦੂਰ ਰਖਣ ਵਿਚ ਜੁੱਟੇ ਹੋਏ ਨੇ। ਪੰਜਾਬ ਸਰਕਾਰ ਦਾ ਇਹ ਫੈਸਲਾ ਕਿ ਪੀ.ਸੀ.ਐਸ. ਦੀ ਪ੍ਰੀਖਿਆ ਵਿਚ ਪੰਜਾਬੀ ਵੀ ਮਾਧਿਅਮ ਦੇ ਤੌਰ 'ਤੇ ਵਰਤੀ ਜਾ ਸਕਦੀ ਹੈ, ਇਕ ਸਲਾਹੁਣ ਯੋਗ ਫੈਸਲਾ ਹੈ, ਪਰ ਦੇਖਣਾ ਇਹ ਹੈ ਕਿ ਕਿੰਨੇ ਕੁ ਉਮੀਦਵਾਰ ਪੰਜਾਬੀ ਨੂੰ ਇਸ ਪ੍ਰੀਖਿਆ ਲਈ ਮਾਧਿਅਮ ਚੁਣਨਗੇ।

10 ਪੰਜਾਬ ਵਿਚ ਅਜ ਬਹੁਤ ਸਾਰੇ ਈਸਾਈ ਮਿਸ਼ਨਰੀ ਸਕੂਲ ਅਤੇ ਪਬਲਿਕ ਸਕੂਲ ਪਹਿਲੀ ਸ਼੍ਰੇਣੀ ਤੋਂ ਸਿਖਿਆ ਅੰਗਰੇਜ਼ੀ ਮਾਧਿਅਮ ਰਾਹੀਂ ਦਿੰਦੇ ਨੇ। ਅੰਗਰੇਜ਼ੀ ਦੇ ਨਾਲ ਹਿੰਦੀ ਇਹਨਾਂ ਸਕੂਲਾਂ ਵਿਚ ਪਹਿਲੀ ਭਾਸ਼ਾ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ ਅਤੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਸਥਾਨ ਦਿਤਾ ਜਾਂਦਾ ਹੈ। ਅਜਿਹੇ ਸਾਰੇ ਸਕੂਲ ਆਮ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਜਾਏ, ਬਾਹਰਲੇ ਬੋਰਡਾਂ ਨਾਲ ਸਬੰਧਤ ਹੋਣ ਕਰਕੇ ਪੰਜਾਬੀ ਨੂੰ ਪੰਜਾਬ ਵਿਚ ਹੀ ਦੂਜੀ ਭਾਸ਼ਾ ਦਾ ਸਥਾਨ ਦਿੰਦੇ ਨੇ। ਜਾਂ ਇਉਂ ਕਹੋ ਕਿ ਪੰਜਾਬੀ ਨੂੰ ਇਹਨਾਂ ਸਕੂਲਾਂ ਵਿਚ ਤੀਜੀ ਭਾਸ਼ਾ ਵਾਲਾ ਸਥਾਨ ਪ੍ਰਾਪਤ ਹੈ। ਇਹ ਵੀ ਸਭ ਜਾਣਦੇ ਹੀ ਨੇ ਕਿ ਛੋਟੇ ਅਤੇ ਵੱਡੇ ਸ਼ਹਿਰਾਂ ਵਿਚ ਇਨ੍ਹਾਂ ਸਕੂਲਾਂ ਵਿਚ ਪੜ੍ਹਣ ਵਾਲੇ ਬੱਚਿਆਂ ਦੀ ਗਿਣਤੀ ਦੂਜੇ ਸਕੂਲਾਂ ਨਾਲੋਂ ਵੱਧ ਹੁੰਦੀ ਹੈ। ਇਕ ਪਾਸੇ ਇਹ ਸਕੂਲ ਅੰਗਰੇਜ਼ੀ ਮਾਧਿਅਮ ਦੇ ਨਾਂ 'ਤੇ ਖਾਸੀ ਕਮਾਈ ਵੀ ਕਰਦੇ ਨੇ ਅਤੇ ਦੂਜੇ ਪਾਸੇ ਬੜੀ ਹੁਸ਼ਿਆਰੀ ਅਤੇ ਚਾਲਾਕੀ ਨਾਲ ਪੰਜਾਬੀ ਨੂੰ ਆਪਣੇ ਸਕੂਲਾਂ ਵਿਚ ਤੀਜੀ ਭਾਸ਼ਾ ਦਾ ਦਰਜਾ ਦੇ ਕੇ ਪੰਜਾਬੀ ਭਾਸ਼ਾ ਦੀ ਉੱਨਤੀ ਵਿਰੁਧ ਵੀ ਕੰਮ ਕਰ ਰਹੇ ਨੇ। ਇਥੇ ਹੀ ਬਸ ਨਹੀਂ। ਪਿਛੇ ਜਿਹੇ ਸਰਕਾਰ ਵਲੋਂ ਖੋਲ੍ਹੇ ਗਏ ਆਦਰਸ਼ ਸਕੂਲਾਂ ਵਿਚ ਵੀ ਅੰਗਰੇਜ਼ੀ ਨੂੰ ਮਾਧਿਅਮ ਦੇ ਤੌਰ 'ਤੇ ਵਰਤੇ ਜਾਣ ਦੀ ਆਗਿਆ ਦੇ ਕੇ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੇ ਸਮਝੋ, ਚੰਨ ਹੀ ਚਾੜ੍ਹ ਦਿਤਾ ਹੈ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਵਿਚ ਪੰਜਾਬੀ ਨਾਲ ਹੋ ਰਹੇ ਇਸ ਮਤਰਏ ਸਲੂਕ ਨੂੰ ਖਤਮ ਕੀਤਾ ਜਾਂਦਾ। ਉਸ ਸਮੇਂ ਦਲੀਲ ਇਹ ਦਿਤੀ ਗਈ ਸੀ ਕਿ ਕਿਉਂਕਿ ਬਹੁਤ ਸਾਰੇ ਪੰਜਾਬੀ ਰੁਜ਼ਗਾਰ ਦੀ ਤਲਾਸ਼ ਵਿਚ ਪਰਦੇਸਾਂ ਨੂੰ ਜਾਂਦੇ ਨੇ ਇਸ ਲਈ ਉਹਨਾਂ ਨੂੰ ਅੰਗਰੇਜ਼ੀ ਆਉਣੀ ਬਹੁਤ ਜ਼ਰੂਰੀ ਹੈ। ਅਜਿਹੀ ਦਲੀਲ ਦਾ ਕਿਸੇ ਵੀ ਸਰਕਾਰ ਵਲੋਂ ਦਿਤੇ ਜਾਣਾ ਇਕ ਸ਼ਰਮਨਾਕ ਗੱਲ ਹੈ। ਸ਼ਾਇਦ ਸਾਡੇ ਨੇਤਾ ਇਹ ਭੁਲ ਗਏ ਨੇ ਕਿ ਪਿਛਲੇ ਪੰਜ ਸਾਲਾਂ ਵਿਚ ਪੰਜਾਬੀਆਂ ਦੀ ਬਹੁ-ਗਿਣਤੀ ਰੋਜ਼ਗਾਰ ਦੀ ਤਲਾਸ਼ ਵਿਚ ਅਰਬ ਦੇਸ਼ਾਂ ਅਤੇ ਜਰਮਨੀ ਨੂੰ ਗਈ ਹੈ। ਕੀ ਸਾਨੂੰ ਫਿਰ ਸਿੱਖਿਆ ਦੇ ਮਾਧਿਅਮ ਲਈ ਅਰਬੀ ਜਾਂ ਜਰਮਨ ਭਾਸ਼ਾ ਨੂੰ ਵਰਤਣਾ ਚਾਹੀਦਾ ਹੈ ?

ਪੰਜਾਬ ਵਿਚ ਪੰਜਾਬੀ ਨੂੰ ਸਿੱਖਿਆ ਦੇ ਖੇਤਰ ਵਿਚ ਜਾਂ ਸਰਕਾਰੀ ਕੰਮ ਕਾਜ ਵਿਚ ਵਰਤੇ ਜਾਣ ਨਾਲ ਕੁਝ ਵਿਸ਼ੇਸ਼ ਔਕੜਾਂ ਜ਼ਰੂਰ ਸਾਹਮਣੇ ਆਈਆਂ ਨੇ। ਸਕੂਲਾਂ ਕਾਲਜਾਂ ਵਿਚ ਪੜ੍ਹਾਉਣ ਲਈ ਵਿਗਿਆਨਕ ਢੰਗ ਨਾਲ ਤਿਆਰ ਕੀਤੀਆਂ ਗਈਆਂ ਪੁਸਤਕਾਂ ਦੀ ਘਾਟ ਅਤੇ ਸਰਕਾਰੀ ਕੰਮ ਕਾਜ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਦੀ ਥੁੜ ਮੁਖ ਔਕੜਾਂ ਕਹੀਆਂ ਜਾ ਸਕਦੀਆਂ ਨੇ। ਇਸ ਥੁੜ ਨੂੰ ਪੂਰਿਆਂ ਕਰਨ ਲਈ ਅਤੇ ਲੁੜੀਂਦੇ ਕੰਮ ਨੂੰ ਨੇਪਰੇ ਚਾੜ੍ਹਣ ਲਈ ਪੰਜਾਬ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੇ ਪੰਜਾਬੀ ਭਾਸ਼ਾ ਵਿਭਾਗ, ਪੰਜਾਬ ਸਕੂਲ ਸਿਖਿਆ ਬੋਰਡ, ਪੰਜਾਬ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਆਦਿ ਵਿਭਾਗ ਸਥਾਪਤ ਕੀਤੇ ਹੋਏ ਨੇ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਵਿਚ ਵੀ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਇਕ ਵਿਸ਼ੇਸ਼ ਵਿਭਾਗ ਕ੍ਰਾਇਮ ਕੀਤਾ ਗਿਆ ਹੈ। ਇਹ ਸਾਰੇ ਬੋਰਡ ਅਤੇ ਵਿਭਾਗ ਅਜ ਤਕ ਕਾਫੀ ਪੰਜਾਬੀ ਪੁਸਤਕਾਂ ਪ੍ਰਕਾਸ਼ਤ ਕਰ ਚੁੱਕੇ ਨੇ।

ਇਹਨਾਂ ਸਾਰੇ ਬੋਰਡਾਂ ਅਤੇ ਵਿਭਾਗਾਂ ਨੂੰ ਸੌਂਪਿਆ ਕੰਮ ਇਕ ਬਹੁਤ ਵੱਡਾ ਕੰਮ ਹੈ। ਬੋਰਡਾਂ ਅਤੇ ਵਿਭਾਗਾਂ ਨੇ ਲੱਖਾਂ ਰੁਪਏ ਵੱਖ ਵੱਖ ਪੰਜਾਬੀ ਪੁਸਤਕਾਂ ਦੀ ਤਿਆਰੀ 'ਤੇ ਖਰਚੇ ਨੇ। ਅਜਿਹੀਆਂ ਪੁਸਤਕਾਂ ਤਿਆਰ ਕਰਨ ਜਾਂ ਕਰਵਾਉਣ ਸਮੇਂ ਇਹਨਾਂ ਬੋਰਡਾਂ ਅਤੇ ਵਿਭਾਗਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਪੁਸਤਕਾਂ ਵਿਚ ਲੁੜੀਂਦੇ ਵਿਦਿਅਕ ਪੱਧਰ ਨੂੰ ਕਾਇਮ ਰਖਣ ਵਲ ਪੂਰਾ ਧਿਆਨ ਦੇਂਦੇ ਹੋਣਗੇ ! ਅਜਿਹੇ ਮੰਤਵ ਦੀ ਪੂਰਤੀ ਲਈ ਵੱਖ ਵੱਖ ਵਿਸ਼ਿਆਂ ਦੇ ਮਾਹਿਰਾਂ ਨੂੰ ਇਸ ਕੰਮ ਵਿਚ ਹੱਥ ਵਟਾਉਣ ਲਈ ਸੱਦਾ ਵੀ ਦਿਤਾ ਗਿਆ ਹੋਵੇਗਾ। ਇਸਦੇ ਨਾਲ ਹੀ ਇਨ੍ਹਾਂ ਮਾਹਿਰਾਂ ਵਲੋਂ ਤਿਆਰ ਕੀਤੀਆਂ ਪੁਸਤਕਾਂ ਯੋਗ ਸੁਧਾਈ ਲਈ ਹੋਰਨਾਂ ਮਾਹਿਰਾਂ ਨੂੰ ਵੀ ਜ਼ਰੂਰ ਭੇਜੀਆਂ ਗਈਆਂ ਹੋਣਗੀਆਂ ਤਾਂ ਜੋ ਲੁੜੀਂਦਾ ਵਿਦਿਅਕ ਪੱਧਰ ਕਾਇਮ ਰਖਿਆ ਜਾ ਸਕੇ। ਇਹ ਲੋੜਾਂ ਕਿਥੋਂ ਤਕ ਪੂਰੀਆਂ ਹੋਈਆਂ ਨੇ—ਇਹ ਵੇਖਣ ਵਾਲਾ ਸਵਾਲ ਹੈ।

ਇਥੇ ਇਹਨਾਂ 'ਬੋਰਡਾਂ' ਅਤੇ 'ਵਿਭਾਗਾਂ' ਵਲੋਂ ਵੱਖ ਵੱਖ ਵਿਸ਼ਿਆਂ ਸਬੰਧੀ ਤਿਆਰ ਕੀਤੀਆਂ ਪੁਸਤਕਾਂ ਬਾਰੇ ਕੋਈ ਸਮੁੱਚੀ ਰਾਏ ਦੇਣੀ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਪਰ ਇਹਨਾਂ ਅਦਾਰਿਆਂ ਵਲੋਂ ਤਿਆਰ ਕੀਤੀਆਂ ਪੁਸਤਕਾਂ ਵਿਚੋਂ ਕੁਝ ਇਕ ਦੀ ਘੋਖ ਕਰਨੀ ਬੇਲੋੜੀ ਨਹੀਂ ਹੋਵੇਗੀ। ਪੰਜਾਬ ਸਕੂਲ ਸਿਖਿਆ ਬੋਰਡ ਦੇ ਵਿਦਿਅਕ ਵਿਉਂਤ-ਬੰਦੀ ਵਿਭਾਗ ਦਾ ਕੰਮ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਪੰਜਾਬੀ ਪੁਸਤਕਾਂ ਤਿਆਰ ਕਰਨਾ ਅਤੇ ਕਰਵਾਉਣਾ ਹੈ। ਇਸ ਯੋਜਨਾ ਅਧੀਨ ਬੋਰਡ ਨੇ ਹਰ ਵਿਸ਼ੇ ਨਾਲ ਸਬੰਧਤ ਪਹਿਲੀ ਸ਼੍ਰੇਣੀ ਤੋਂ ਲੈ ਕੇ ਦਸਵੀਂ ਸ਼੍ਰੇਣੀ ਤਕ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਤਿਆਰ ਕਰਵਾਈਆਂ ਨੇ। ਬਾਕੀ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਦਾ ਵਿਸ਼ੇ ਅਤੇ ਬੋਲੀ ਦੇ ਪੱਖ ਤੋਂ ਮਿਆਰ ਕੀ ਹੋਵੇਗਾ, ਇਸ ਬਾਰੇ ਕੁਝ ਕਹਿਣਾ ਮੁਸ਼ਕਲ ਹੈ ਪਰ ਪੰਜਾਬੀ ਭਾਸ਼ਾ ਦੀਆਂ ਕੁਝ ਇਕ ਪੁਸਤਕਾਂ, ਜੋ ਮੇਰੇ ਹੱਥ ਲਗੀਆਂ ਨੇ, ਉਤੇ ਕਿੰਤੂ ਜ਼ਰੂਰ ਕੀਤਾ ਜਾ ਸਕਦਾ ਹੈ।

ਅਜ ਦਾ ਯੁਗ ਵਿਸ਼ੇਸ਼ ਨਿਪੁੰਨਤਾ ਦਾ ਯੁਗ ਹੈ। ਬੋਰਡ ਦੀਆਂ ਪੁਸਤਕਾਂ ਦੀ ਤਿਆਰੀ ਸਮੇਂ ਬੋਰਡ ਦੇ ਅਧਿਕਾਰੀਆਂ ਨੇ ਨਿਰਸੰਦੇਹ ਕਿਸੇ ਨਾ ... ਵਿਉਂਤ ਅਧੀਨ ਹੀ ਕੰਮ ਕੀਤਾ

ਦੋ ਕਵਿਤਾਵਾਂ

ਮਨਜੀਤ ਇੰਦਰਾ

## ਚੰਦਰਿਆ ਮਨਾਂ

ਚੰਦਰਿਆ ਮਨਾਂ !
ਤੂੰ ਕਦ ਤੱਕ ਥਲਾਂ ਦੀ ਰੇਤ
ਛਾਣਦਾ ਰਹੇਂਗਾ !
ਵੀਰਾਨ ਬਾਗ ਦੇ ਪਰਵਾਸੀ ਪੰਛੀਆਂ ਮਗਰ
ਭੱਜਦਾ ਫਿਰੇਂਗਾ !
ਰੱਕੜੇ ਤੇ ਤਰ
ਕਿਸ ਦਾ ਇੰਤਜ਼ਾਰ ਕਰੇਂਗਾ ?
ਹੁਣ ਤਾਂ ਕੋਈ ਵੀ ਨਹੀਂ
ਤੇਰੇ ਸਾਹਾਂ ਦਾ ਹਾਣੀ.....
'ਤੇ ਉਹ ਕੰਮਬਖ਼ਤ
ਜੋ ਪਹਿਲੀ ਵਾਰ ਤੇਰੇ ਦਰ ਸੀ ਆਇਆ
ਜਿਸਨੇ ਤੇਰੀ ਚੋਂ
ਖਿੜਦੀ ਕਲੀ ਵੇਖੀ ਸੀ -
'ਤੇ ਚੰਬੇਲੀ ਦੀ ਮਹਿਕ ਸੰਗ
ਉਹ ਨਸ਼ਿਆਇਆ ਸੀ
ਤੇਰੇ ਬਿਹੜੇ ਤੇ ਗੁਲਾਬ ਖਿੜੇ ਸਨ
ਤੇਰੀਆਂ ਨੀਲੱਤਣਾਂ 'ਚ
ਉਹ ਕਈ ਵਾਰ ਡੁੱਬਿਆ ਸੀ-
ਨੈਣਾਂ 'ਚ ਸੁਪਨੇ ਲਟਕਾਈ
ਤੂੰ ਰਾਤ ਭਰ ਸੂਹੀ ਸਵੇਰ ਦਾ
ਇੰਤਜ਼ਾਰ ਕੀਤਾ ਕਰਦਾ ਸੈਂ
'ਤੇ ਉਸਨੇ ਸੂਹੀ ਸਵੇਰ
ਪਿਅੱਤਣ 'ਚ ਬਦੈਲੀ ਸੀ
'ਤੇ ਫਿਰ ਸੂਹਾ ਸਵੇਰਾ
ਅਵੇਰਾ, ਹਨੇਰਾ ਹੁੰਦਾ ਗਿਆ.....
ਥਲਾਂ 'ਚ ਰੇਤ ਉਡਦੀ ਰਹੀ
ਇਹ ਤਾਂ ਭੌਰਾਂ ਦੀ ਕਥਾ ਹੈ
ਤੇਰੀਆਂ ਗੁਲਾਬੀ ਗੋਲਾਈਆਂ ਨੂੰ ਚੁੰਮਦੇ..
'ਤੇ ਇਕ ਦਿਨ ਵੰਝਲੀ ਦੀ ਆਵਾਜ਼
ਸ਼ਹਿਨਾਈਆਂ 'ਚ ਗੁੰਮੀ
ਅੰਦਰ ਦੀ ਵੱਢ ਟੁੱਕ 'ਚ
ਕਦੇ ਅੱਧਾ
ਕਦੇ ਸਾਰਾ
ਤੂੰ ਕਤਲ ਹੁੰਦਾ ਰਿਹਾ....
ਇਕ ਦਿਨ ਥਲਾਂ 'ਚ
ਫੇਰ ਧੂੜਾਂ ਉੱਡੀਆਂ
ਸ਼ਾਇਦ ਤੇਰਾ ਉਦਾਸ ਪੁੰਨਣ
ਪਰਤ ਆਇਆ ਸੀ......
ਤੇਰੀ ਦੇਹੀ ਦੀ ਮੁੱਕ ਰਹੀ ਵਾਸ਼ਨਾ
ਉਹ ਡੀਕ ਲਾ ਕੇ ਪੀਂਦਾ ਰਿਹਾ
ਤੂੰ ਬਉਰਾਨਾ ਹੋਇਆ
ਉਸੇ ਦਾਹੋ ਸਿਉਂ
ਉਹ ਪਰ...ਸੀ ਪੰਛੀ ....

→ ਸਫਾ 11

ਹੋਵੇਗਾ। ਇਹ ਬਿਲਕੁਲ ਨਹੀਂ ਹੋ ਸਕਦਾ ਕਿ ਇਹਨਾਂ ਪੁਸਤਕਾਂ ਦੀ ਤਿਆਰੀ ਦਾ ਪ੍ਰਬੰਧ ਕਿਸੇ ਕਾਹਲ ਥੱਲੇ ਰਾਤੋ ਰਾਤ ਹੀ ਕੀਤਾ ਗਿਆ ਹੋਵੇ। ਇਹ ਵੀ ਮੰਨਿਆ ਨਹੀਂ ਜਾ ਸਕਦਾ ਕਿ ਪੁਸਤਕਾਂ ਲਿਖਣ ਜਾਂ ਲਿਖਾਉਣ ਲਈ ਯੋਗ ਵਿਦਵਾਨਾਂ ਨਾਲ ਸੰਪਰਕ ਪੈਦਾ ਹੀ ਨਾ ਕੀਤਾ ਗਿਆ ਹੋਵੇ। ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਜਦੋਂ ਅਸੀਂ ਬੋਰਡ ਦੀਆਂ ਦੋ ਪੰਜਾਬੀ ਪੁਸਤਕਾਂ ਨੂੰ, ਜੋ ਸਤਵੀਂ ਅਤੇ ਅੱਠਵੀਂ ਸ਼੍ਰੇਣੀ ਲਈ ਨੀਯਤ ਕੀਤੀਆਂ ਗਈਆਂ ਨੇ, ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਹਾਂ ਪੁਸਤਕਾਂ ਵਿਚ ਸ਼ਾਮਲ ਕੀਤੇ ਪੈਂਤੀ ਪੈਂਤੀ ਪਾਠਾਂ ਵਿਚੋਂ ਦਸ ਦਸ ਪਾਠ ਇਕੋ ਹੀ ਲੇਖਕ ਦੇ ਲਿਖੇ ਹੋਏ ਨੇ। ਕਿਸੇ ਇਕ ਪੁਸਤਕ ਦੇ ਪੈਂਤੀ ਪਾਠਾਂ ਵਿਚੋਂ ਦਸ ਪਾਠ ਇਕ ਲੇਖਕ ਵਲੋਂ ਹੀ ਲਿਖੇ ਜਾਣ ਦਾ ਕੀ ਭਾਵ ਹੋ ਸਕਦਾ ਹੈ — ਇਸ ਦਾ ਅਰਥ ਪਾਠਕ ਆਪ ਸਮਝਣ ਦਾ ਯਤਨ ਕਰਨ। ਇਹਨਾਂ ਪੁਸਤਕਾਂ ਵਿਚ ਸ਼ਾਮਲ ਕੀਤੇ ਗਏ ਪਾਠਾਂ ਦੇ ਲਿਖਾਰੀਆਂ ਨੂੰ ਕਿਸ ਅਧਾਰ 'ਤੇ ਪਾਠ ਤਿਆਰ ਕਰਨ ਲਈ ਬੇਨਤੀ ਕੀਤੀ ਗਈ ਹੋਵੇਗੀ, ਇਹ ਬੋਰਡ ਦੇ ਅਧਿਕਾਰੀ ਹੀ ਦਸ ਸਕਦੇ ਨੇ। ਦੂਜੇ ਇਨ੍ਹਾਂ ਪੁਸਤਕਾਂ ਵਿਚ ਦਰਜ ਪਾਠਾਂ ਨੂੰ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਘੋਖਿਆਂ ਕੁਝ ਜ਼ਰੂਰੀ ਗੱਲਾਂ ਸਾਹਮਣੇ ਆਉਂਦੀਆਂ ਨੇ। ਮਾਤ-ਭਾਸ਼ਾ ਦੀ ਪੜ੍ਹਾਈ ਸਮੇਂ, ਅਸੀਂ ਇਹ ਆਸ ਕਰਦੇ ਹਾਂ ਕਿ ਸੱਤਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਘੱਟੋ ਘੱਟ ਸਾਧਾਰਨ ਮਿਸ਼ਰਤ ਅਤੇ ਸੰਯੁਕਤ ਵਾਕ ਪੜ੍ਹ ਕੇ ਸਮਝਣ ਅਤੇ ਖੁਦ ਲਿਖਣ ਦੇ ਯੋਗ ਹੋਣੇ ਚਾਹੀਦੇ ਨੇ। ਪਰ ਇਹਨਾਂ ਦੋਹਾਂ ਪੁਸਤਕਾਂ ਵਿਚ ਬਹੁ-ਗਿਣਤੀ ਸਾਧਾਰਨ ਵਾਕਾਂ ਦੀ ਹੀ ਹੈ। ਕੋਈ ਮਿਸ਼ਰਤ ਵਾਕ ਤਾਂ ਸ਼ਾਇਦ ਹੀ ਵੇਖਣ ਨੂੰ ਮਿਲੇ। ਬਹੁਤੀ ਵਾਰ ਗੰਭੀਰ ਅਤੇ ਕਈ ਭਾਂਤ ਦੇ ਦਾਰਸ਼ਨਿਕ ਵਿਚਾਰ ਆਦਿ ਪ੍ਰਗਟਾਉਣ ਲਈ ਮਿਸ਼ਰਤ ਵਾਕਾਂ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ। ਅਜਿਹੇ ਵਾਕਾਂ ਦੀ ਅਨਹੋਂਦ ਦੇ ਕਈ ਕਾਰਨ ਹੋ ਸਕਦੇ ਨੇ। ਇਹ ਵੀ ਹੋ ਸਕਦਾ ਹੈ ਕਿ ਸਕੂਲ ਬੋਰਡ ਨੇ ਹੀ ਇਹਨਾਂ ਪੁਸਤਕਾਂ ਵਿਚ ਮਿਸ਼ਰਤ ਵਾਕ ਵਰਤਣ ਦੀ ਮਨਾਹੀ ਕੀਤੀ ਹੋਵੇ, ਜਾਂ ਫਿਰ ਲੇਖਕਾਂ ਨੇ ਆਪ ਹੀ ਸਲਾਹ ਨਾਲ ਅਜਿਹੀ ਸਮਾਨਤਾ ਲਿਆਂਦੀ ਹੋਵੇ।

ਇਨ੍ਹਾਂ ਪੁਸਤਕਾਂ ਵਿਚ ਸ਼ਾਮਲ ਪਾਠਾਂ ਦੇ ਅੰਤ 'ਤੇ ਵਿਦਿਆਰਥੀਆਂ ਨੂੰ ਜਿਸ ਭਾਂਤ ਦਾ ਵਿਆਕਰਨ ਸਬੰਧੀ ਗਿਆਨ ਦਿਤਾ ਗਿਆ ਹੈ ਉਸ ਬਾਰੇ ਦੋ ਸ਼ਬਦ ਲਿਖਣੇ ਅਜਾਈਂ ਨਹੀਂ ਜਾਣਗੇ। ਅੱਠਵੀ ਸ਼੍ਰੇਣੀ ਦੀ ਪੁਸਤਕ ਦੇ ਪੰਨਾ 45–46 ਉਤੇ ਲਿਖਿਆ ਹੈ, "ਕਿਸੇ ਵਾਕ ਵਿਚ ਕਿਸੇ ਨਾਂਵ ਦਾ ਜੋ ਸਬੰਧ ਵਾਕ ਦੀ ਕਿਰਿਆ ਨਾਲ ਜਾਂ ਵਾਕ ਦੇ ਕਿਸੇ ਹੋਰ ਨਾਂਵ ਨਾਲ ਹੁੰਦਾ ਹੈ ਉਸ ਨੂੰ ਕਾਰਕ ਕਹਿੰਦੇ ਹਨ। ਜਾਂ ਇਉਂ ਕਹਿ ਲਵੋ ਕਿ ਕਿਸੇ ਵਾਕ ਵਿਚਲੇ ਨਾਵਾਂ ਦੇ ਆਪੋ ਵਿਚਲੇ ਸਬੰਧਾਂ ਨੂੰ ਕਾਰਕ ਕਹਿੰਦੇ ਨੇ। ਕਾਰਨ ਅੱਠ ਪ੍ਰਕਾਰ ਦੇ ਹੁੰਦੇ ਨੇ...। ਅਗੇ ਚਲ ਕੇ ਕਰਤਾ ਨੇ ਜੋ ਉਦਾਹਰਣ ਦਿਤੀ ਹੈ ਉਹ ਇਸ ਪ੍ਰਕਾਰ ਹੈ : "ਪਟਿਆਲੇ ਦੇ ਹਾਕਮਾਂ ਨੇ ਸ੍ਰੀ ਸੇਵਾ ਸਿੰਘ ਨੂੰ ਜੇਲ੍ਹ ਵਿਚ ਬਹੁਤ ਤਸੀਹੇ ਦਿਤੇ।" ਕਰਤਾ ਅਨੁਸਾਰ ਇਸ ਵਾਕ ਵਿਚ 'ਹਾਕਮਾਂ ਨੇ' ਕਰਤਾ ਕਾਰਕ, 'ਸ੍ਰੀ ਸੇਵਾ ਸਿੰਘ ਨੂੰ' ਕਰਮ ਕਾਰਕ, ਅਤੇ 'ਤਸੀਹੇ' ਕਰਨ ਕਾਰਕ ਹੈ। ਪੰਜਾਬੀ ਭਾਸ਼ਾ ਵਿਚ ਪੰਜਾਬੀ ਨਾਵਾਂ ਦੀ ਵੱਖ-ਵੱਖ ਬਣਤਰ ਨੂੰ ਮੁਖ ਰਖਦਿਆਂ ਹੋਇਆਂ ਛੇ ਪ੍ਰਕਾਰ ਦੇ ਕਾਰਕ ਸਥਾਪਤ ਕੀਤੇ ਗਏ ਨੇ। ਇਹ ਅੱਠ ਕਾਰਕ ਕਿਥੋਂ ਆਏ, ਇਸ ਬਾਰੇ ਕੁਝ ਕਹਿਣਾ ਕਠਨ ਹੈ।

ਇਸੇ ਪੁਸਤਕ ਦੇ ਦਸਵੇਂ ਪਾਠ ਦੇ ਅੰਤ ਵਿਚ ਲਿਖਿਆ ਹੋਇਆ ਹੈ ਕਿ, "ਸ਼ਬਦਾਂ ਦੇ ਜ਼ਨਾਨੇ-ਮਰਦਾਵੇਂ ਭੇਦ ਨੂੰ ਲਿੰਗ ਆਖਦੇ ਹਨ। ਮਰਦਾਵੇਂ ਬੋਲ ਦੇ ਸ਼ਬਦ ਪੁਲਿੰਗ ਅਤੇ ਜ਼ਨਾਨੇ ਬੋਲ ਦੇ ਸ਼ਬਦ ਇਸਤ੍ਰੀ-ਲਿੰਗ ਕਹਾਉਂਦੇ ਹਨ।"

ਪੰਜਾਬੀ ਵਿਚ ਸਾਰੀ ਸ਼ਬਦਾਵਲੀ ਦੀ ਵੰਡ ਜ਼ਨਾਨੇ ਅਤੇ ਮਰਦਾਵੇਂ ਭੇਦ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ। ਕਰਤਾ ਦਾ ਮਰਦਾਵੇਂ ਬੋਲ ਅਤੇ ਜ਼ਨਾਨੇ ਬੋਲ ਦੇ ਸ਼ਬਦਾਂ ਤੋਂ ਕੀ ਭਾਵ ਹੈ ? ਪੰਜਾਬੀ ਵਿਚ ਸਾਰੀਆਂ ਬੇਜਾਨ ਚੀਜ਼ਾਂ ਨੂੰ ਇਸਤ੍ਰੀ ਜਾਂ ਪੁਲਿੰਗ ਸ਼੍ਰੇਣੀ ਨਾਲ ਜੋੜਿਆ ਗਿਆ ਹੈ, ਜਦੋਂ ਕਿ ਇਹਨਾਂ ਵਿਚ ਮਰਦਾਵੇਂ ਅਤੇ ਜ਼ਨਾਨੇ ਭੇਦ ਵਾਲੀ ਕੋਈ ਗੱਲ ਹੀ ਨਹੀਂ ਹੁੰਦੀ।

ਸੱਤਵੀਂ ਸ਼੍ਰੇਣੀ ਲਈ ਨੀਯਤ ਪੁਸਤਕ ਦੇ ਪੰਨਾਂ 63 ਉਤੇ "ਸਾਨੂੰ ਉਨ੍ਹਾਂ ਬਾਰੇ ਕੋਈ ਪਤਾ ਨਹੀਂ" ਵਾਕ ਵਿਚ ਲਕੀਰੇ ਸ਼ਬਦ ਪੜਨਾਂਉਂ ਦਸੇ ਗਏ ਨੇ !! ਇਵੇਂ ਹੀ ਪੰਨਾ 90 ਉਤੇ ਇਹ ਵਾਕ, "ਇਹ ਦ੍ਰਿਸ਼ ਵੇਖ ਮੈਨੂੰ ਇੰਵ ਜਾਪਿਆ ਜਿਵੇਂ ਅਜੇ ਵੀ ਮੈਨੂੰ ਕੋਈ ਸੁਪਨਾ ਆ ਰਿਹਾ ਹੋਵੇ" ਦੇ ਕੇ ਪੁਛਿਆ ਗਿਆ ਹੈ ਕਿ 'ਦਸੋ ਲਕੀਰੇ ਸ਼ਬਦ ਕਿਹੜੇ ਕਿਰਿਆ ਵਿਸ਼ੇਸ਼ਣ ਹਨ।' ਇਹ ਲਕੀਰੇ ਸ਼ਬਦ ਕਿਰਿਆ ਵਿਸ਼ੇਸ਼ਣ ਹਨ ਵੀ ਕਿ ਨਹੀਂ—ਇਹ ਇਕ ਵੱਖਰੀ ਗੱਲ ਹੈ। ਇਹਨਾਂ ਪੁਸਤਕਾਂ ਨੂੰ ਸਰਸਰੀ ਨਜ਼ਰ ਨਾਲ ਵਾਚਿਆਂ ਇਹ ਸਾਰੀਆਂ ਗੱਲਾਂ ਸਾਡੇ ਸਾਹਮਣੇ ਆਈਆਂ ਨੇ। ਜੇ ਇਹਨਾਂ ਪੁਸਤਕਾਂ ਦਾ ਡੂੰਘਾਈ ਨਾਲ ਅਧਿਅਨ ਕੀਤਾ ਜਾਵੇ (ਜੋ ਕਿਸੇ ਹੋਰ ਲੇਖ ਵਿਚ ਕੀਤਾ ਜਾਵੇਗਾ) ਤਾਂ ਸਾਨੂੰ ਬਹੁਤ ਸਾਰੀਆਂ ਹੋਰ ਊਣਤਾਈਆਂ ਵੀ ਨਜ਼ਰ ਆਉਣਗੀਆਂ। ਇਹ ਪੁਸਤਕਾਂ ਪੰਜਾਬ ਵਿਚ ਲੱਖਾਂ ਵਿਦਿਆਰਥੀਆਂ ਨੇ ਪੜ੍ਹਨੀਆਂ ਨੇ।

ਅੱਠਵੀਂ ਸ਼੍ਰੇਣੀ ਦੀ ਪੁਸਤਕ ਵਿਚ ਦਰਜ ਲੇਖ "ਜਲੰਧਰ" ਵਿਚ ਵਰਤੇ ਗਏ ਕੁਝ ਵਾਕਾਂ ਦੀ ਬਣਤਰ ਵੇਖੋ : (1) "ਇਸ ਟਾਵਰ ਦਾ ਉਪਰਲਾ ਸਿਰਾ ਦੇਖਣ ਲਗਿਆਂ ਪਗ ਨੂੰ ਹੱਥ ਰਖਣਾ

ਉਸਦੇ ਅੰਦਰ ਤੇਰੀ ਲੋੜ
ਪਲਦੀ ਤੇ ਮੱਰਦੀ ਹੈ
"ਤੂੰ ਕੌਣ ਤੂੰ
ਇੱਕਲਾ ਮਾਰੂਥਲ 'ਚ ਤੜਫਦਾ ਏਂ
ਕਿਨੀ ਕੁ ਦੇਰ
ਆਖਰ ਕਿਨੀ ਕੁ ਦੇਰ
ਤੂੰ ਇੰਝ ਥਲਾਂ 'ਚ
ਤੜਫਦਾ ਰਹੇਂਗਾ
ਰੇਤ ਫਕਦਾ ਰਹੇਂਗਾ
ਕੈਦ ਹੋਇਆ ਮਨਾਂ !
ਕਿਨੀ ਕੁ ਦੇਰ .....

## ਹਸਤ ਰੇਖਾਵਾਂ

ਕੋਈ ਪਹਾੜਾਂ ਚੋਹ ਜੈ ਫੁਲਿਆ
ਇਸ ਨਗਰੀ ਵਿੱਚ
ਪਤਝੜ ਮਾਰੇ, ਰੁੱਖ,
ਸਭੇ ਇਕਲਾਪਾ ਕੱਟਦੇ —
ਨਾ ਇਸ ਧਰਤੀ ਕੋਇਲਾਂ ਕੂਕਣ
ਨਾ ਕਿਸੇ ਤਾਰੀ ਗੀਤ ਛੇੜਦੇ
ਧਰਤਾ ਹੈ ਨੈਣਾਂ ਦੇ ਅੰਬਰੀਂ
ਘੁੱਗ ਵੱਸਦੀ ਇਸ ਮਨ ਦੀ ਨਗਰੀ
ਕਿਰ ਰੋਇਆ ਹੈ ਉੱਜੜ ਗਈ ਸੀ
ਆਸ ਜਿਹਾ ਕੋਈ ਵੀ ਦੀਵਾ
ਹੁਣ ਨਾਂ ਕਿਸੇ ਬਨੇਰੀ ਬਲਦਾ -
ਹੱਥਾਂ ਦੀਆਂ ਤਲੀਆਂ ਦੇ ਵਿੱਚ
ਅਣਖੁਣੀਆਂ ਲਕੀਰਾਂ ਬੁਣਦੀ
ਨੂਤਨ, ਕੋਮਲ, ਸੁਹਜ- ਮੁਸਕੜੀ
ਤਕਦੀਰਾਂ ਦੀਆਂ ਗੱਲਾਂ ਕਰਦੀ -
ਅੱਖੀਆਂ ਵਿੱਚ ਸਮੁੰਦਰ ਤੱਕ ਕੇ
ਪੋਲੇ ਪੋਲੇ ਪੱਬ ਟਿਕਾਉਂਦੀ
ਕੂਲੇ ਤੋਂ ਬਿਸਤਰ ਤੱਕ ਜਾਂਦੀ
ਹਰ ਰਾਤ ਇਕ ਖਾਬ ਸੁਆਉਂਦੀ
ਰਾਤ- ਪਰਾਤੇ; 'ਕੱਲੇ-ਕਾਰੇ
ਸੁਪਨਾ ਜਦ ਵੀ ਟੁੱਟ ਜਾਂਦਾ ਏ
ਅੱਖੀਆਂ ਵਿਚੋਂ ਖੂਨ ਸਮੁੰਦਰ
ਛੱਲ ਟੁਰਦਾ ਏ
ਹਸਤ ਰੇਖਾਵਾਂ 'ਤੇ' ਕੋਈ ਰੇਖਾ
ਕਿਰ ਜਾਂਦੀ ਏ —
'ਤੇ ਸਮਿਆਂ ਵਿੱਚ ਉਹ ਵੀ
ਕਿਧਰੇ ਗੁੰਮ ਜਾਂਦੀ ਹੈ
ਨਿੱਤ ਨਵੇਂ ਸੂਰਜ
ਉਹ ਆਸਾਂ ਦੇ ਬੀਜਦੀ ਏ
ਹਸਤ ਤਲੀ ਵਿੱਚ
ਆਸ ਦੀ ਰੇਖਾ
ਖੁਣ ਦੇਂਦੀ ਏ — ○

12 ਪੈਂਦਾ ਹੈ", (2) "ਇਥੋਂ ਦਾ ਬਣਿਆ ਹਾਕੀ, ਫੁਟਬਾਲ, ਵਾਲੀਵਾਲ, ਬੈਡਮਿੰਟਨ ਦੇ ਰੈਕਟ ਤੇ ਸ਼ਟਲ, ਬਾਸਕਿਟ ਬਾਲ ਆਦਿ ਸਾਮਾਨ ਜ਼ਿਆਦਾ ਕਰਕੇ ਇੰਗਲੈਂਡ, ਆਸਟ੍ਰੇਲੀਆ, ਸਿੰਘਾਪੁਰ ਤੇ ਹੋਰ ਦੇਸਾਂ ਨੂੰ ਜਾਂਦਾ ਹੈ।" ਇਹਨਾਂ ਵਾਕਾਂ ਨੂੰ ਪੜ੍ਹ ਕੇ ਪੰਜਾਬੀ ਭਾਸ਼ਾ ਦੀ ਬਣਤਰ ਤੋਂ ਜਾਣੂ ਹਰ ਵਿਦਿਆਰਥੀ ਅਫਸੋਸ ਜ਼ਾਹਰ ਕਰੇਗਾ। ਇੰਜ ਹੀ ਇਸ ਪੁਸਤਕ ਦੇ ਸਫਾ 117 ਉੱਤੇ ਛਪੇ ਇਸ ਵਾਕ ਨੂੰ ਵੀ ਵੇਖੋ : "ਇਹ ਸੁਣ ਕੇ ਸਾਰੀਆਂ ਤੀਵੀਆਂ ਏਨੀ ਉੱਚੀ ਹੱਸੀਆਂ ਕਿ ਮੋਢਿਆਂ ਵਿਚ ਸਿਰ ਦੇਈ ਬੈਠੇ, ਉਨੀਂਦਰੇ ਦੇ ਮਾਰੇ ਉਸ ਬੰਦੇ ਨੇ ਵੀ ਲਾਲ ਲਾਲ ਅੱਖਾਂ ਉਘੇੜ ਕੇ ਉਨ੍ਹਾਂ ਵਲ ਹੈਰਾਨੀ ਨਾਲ ਵੇਖਿਆ।" ਬਹੁਤ ਵਾਰ ਅਸੀਂ ਪੰਜਾਬੀ ਵਿਸ਼ਰਾਮ ਚਿਨ੍ਹਾਂ ਦੀ ਵਰਤੋਂ ਅੰਗਰੇਜ਼ੀ ਦੀ ਨਕਲੇ ਕਰਦੇ ਹਾਂ। ਅਤੇ ਕਈ ਵਾਰ ਅਜਿਹੀ ਵਰਤੋਂ ਵਾਕ ਦਾ ਹੁਲੀਆ ਹੀ ਬਦਲ ਦਿੰਦੀ ਹੈ। ਉਪਰੋਕਤ ਵਾਕ ਵਿਚ ਬੈਠੇ ਤੋਂ ਬਾਅਦ 'ਕਾਮਾ' ਕਿਸ ਆਧਾਰ 'ਤੇ ਲਾਇਆ ਗਿਆ ਹੈ, ਇਹ ਸਮਝਣਾ ਮੁਸ਼ਕਲ ਹੈ। ਇਹ ਹਾਲ ਹੈ ਬੋਰਡਾਂ ਵਲੋਂ ਤਿਆਰ ਕਰਵਾਈਆਂ ਗਈਆਂ ਪੁਸਤਕਾਂ ਦਾ। ਲੇਖਕਾਂ ਨੇ ਜਿਸ ਅਣਗਹਿਲੀ ਤੋਂ ਕੰਮ ਲਿਆ ਹੈ ਉਹ ਸਾਹਮਣੇ ਹੈ ਹੀ ਪਰ 'ਵੇਟਰ' ਕਿਉਂ ਅੱਖਾਂ ਮੀਟੀ ਬੈਠੇ ਰਹੇ ? ਇਹ ਵੀ ਪਤਾ ਲਗਿਆ ਹੈ ਕਿ ਕਈ ਵਾਰ ਪੁਸਤਕਾਂ ਦੇ ਲੇਖਕ ਹੀ 'ਵੇਟਰ' ਲਾ ਦਿਤੇ ਜਾਂਦੇ ਨੇ।

ਇਹ ਸਾਰਾ ਕੁਝ ਵੇਖ ਕੇ ਇੰਜ ਜਾਪਦਾ ਹੈ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਜਾਂ ਤਾਂ ਇਨ੍ਹਾਂ ਪੁਸਤਕਾਂ ਵਿਚ ਅੰਕਤ ਅਜਿਹੀਆਂ ਊਣਤਾਈਆਂ ਵਲ ਧਿਆਨ ਹੀ ਨਹੀਂ ਦਿਤਾ ਅਤੇ ਜਾਂ ਉਨ੍ਹਾਂ ਨੇ ਇਨ੍ਹਾਂ ਊਣਤਾਈਆਂ ਨੂੰ ਊਣਤਾਈਆਂ ਸਮਝਿਆ ਹੀ ਨਹੀਂ। ਇਹ ਵੀ ਹੋ ਸਕਦਾ ਹੈ ਕਿ ਕੁਝ ਅਧਿਆਪਕਾਂ ਨੇ ਅਜਿਹੀਆਂ ਊਣਤਾਈਆਂ ਵਲ ਬੋਰਡ ਦੇ ਅਧਿਕਾਰੀਆਂ ਦਾ ਧਿਆਨ ਦੁਆਇਆ ਵੀ ਹੋਵੇ ਪਰ ਅਧਿਕਾਰੀਆਂ ਨੇ ਹੀ ਇਸ ਵਲ ਕੋਈ ਧਿਆਨ ਨਾ ਦਿਤਾ ਹੋਵੇ। ਸਹੀ ਗੱਲ ਕੀ ਸੀ ਇਹ ਰੱਬ ਹੀ ਜਾਣਦਾ ਹੈ।

ਪਰ ਇਥੇ ਇਹ ਸਵਾਲ ਉਠਦਾ ਹੈ ਕਿ ਇਹ ਸਾਰਾ ਕੁਝ ਕਿਵੇਂ ਅਤੇ ਕਿਉਂ ਹੋਇਆ ? ਜੇ ਇਹ ਮੰਨ ਲਿਆ ਜਾਵੇ ਕਿ ਪੰਜਾਬੀ ਅਧਿਆਪਕ ਹੀ ਉਪਰ ਦਸੀਆਂ ਤਰੁਟੀਆਂ ਨੂੰ ਪਛਾਣ ਨਹੀਂ ਸਕੇ ਤਾਂ ਸਾਨੂੰ ਉਨ੍ਹਾਂ ਦੀ ਇਸ ਕਮਜ਼ੋਰੀ ਦੇ ਕਾਰਨ ਲੱਭਣ ਦੀ ਖੇਚਲ ਕਰਨੀ ਚਾਹੀਦੀ ਹੈ। ਸਾਡੇ ਸਕੂਲਾਂ ਵਿਚ ਪੜ੍ਹਾ ਰਹੇ ਬਹੁਤ ਸਾਰੇ ਪੰਜਾਬੀ ਦੇ ਅਧਿਆਪਕ ਜਾਂ ਤਾਂ ਗਿਆਨੀ ਓ.ਟੀ. ਪਾਸ ਹੁੰਦੇ ਹਨ ਤੇ ਜਾਂ ਫਿਰ ਉਨ੍ਹਾਂ ਐਮ.ਏ. (ਪੰਜਾਬੀ) ਕੀਤੀ ਹੋਈ ਹੁੰਦੀ ਹੈ। ਇਹਨਾਂ ਦੋਹਾਂ ਕੋਰਸਾਂ ਵਿਚ ਪੰਜਾਬੀ ਸਾਹਿਤ ਹੀ ਪੜ੍ਹਾਇਆ ਜਾਂਦਾ ਹੈ, ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਕੁਝ ਨਹੀਂ ਦਸਿਆ ਜਾਂਦਾ। ਮੋਟੇ ਤੌਰ 'ਤੇ ਕਿਸੇ ਵੀ ਭਾਸ਼ਾ ਦਾ ਅਧਿਐਨ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ। ਇਕ ਤਾਂ ਉਸ ਭਾਸ਼ਾ ਵਿਚ ਰਚੇ ਗਏ ਸਾਹਿਤ ਦਾ ਅਧਿਐਨ ਕੀਤਾ ਜਾਂਦਾ ਹੈ ਅਤੇ ਦੂਜੇ ਉਸ ਭਾਸ਼ਾ ਦੀ ਬਣਤਰ, ਉਸਦੇ ਰੂਪ ਜਾਂ ਉਸਦੇ ਢਾਂਚੇ ਦਾ ਵਿਆਕਰਨਕ ਪੱਖ ਤੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਦੋਵੇਂ ਪੱਖ ਇਕ ਦੂਜੇ ਦੇ ਬਹੁਤ ਨੇੜੇ ਹੁੰਦੇ ਹੋਏ ਵੀ ਇਕ ਦੂਜੇ ਤੋਂ ਵਖਰੇ ਨੇ।

ਸੰਸਾਰ ਦੇ ਸਾਰੇ ਉੱਨਤ ਦੇਸ਼ਾਂ ਵਿਚ ਭਾਸ਼ਾ ਦੀ ਪੜ੍ਹਾਈ ਲਈ ਉਥੋਂ ਦੇ ਵਿਸ਼ਵ-ਵਿਦਿਆਲਿਆਂ ਵਿਚ ਭਾਸ਼ਾਵਾਂ ਸਬੰਧੀ ਦੋ ਵਿਭਾਗ ਕਾਇਮ ਕੀਤੇ ਗਏ ਨੇ—ਸਾਹਿਤ ਦੇ ਅਧਿਐਨ ਦੇ ਵਿਭਾਗ ਅਤੇ ਭਾਸ਼ਾ ਦੇ ਅਧਿਐਨ ਦੇ ਵਿਭਾਗ। ਬਦਕਿਸਮਤੀ ਨਾਲ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਇਸ ਭਾਂਤ ਦੀ ਵੰਡ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਗਈ। ਇਥੇ ਇਹ ਸਮਝ ਲਿਆ ਜਾਂਦਾ ਹੈ ਕਿ ਜਦੋਂ ਕੋਈ ਵਿਦਿਆਰਥੀ ਕਿਸੇ ਭਾਸ਼ਾ ਦੇ ਸਾਹਿਤ ਦਾ ਅਧਿਐਨ ਕਰਦਾ ਹੈ ਤਾਂ ਉਸ ਨੂੰ ਭਾਸ਼ਾ ਦੇ ਰੂਪ, ਉਸਦੀ ਬਣਤਰ ਜਾਂ ਉਸਦੇ ਢਾਂਚੇ ਦਾ ਚੰਗ ਗਿਆਨ ਆਪਣੇ ਆਪ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਜਦੋਂ ਕੋਈ ਵਿਦਿਆਰਥੀ ਸਾਡੇ ਵਿਸ਼ਵ-ਵਿਦਿਆਲਿਆਂ ਵਿਚੋਂ ਕਿਸੇ ਭਾਸ਼ਾ ਦੀ ਐਮ.ਏ. ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਉਸ ਭਾਸ਼ਾ ਵਿਚ ਰਚੇ ਗਏ ਸਾਹਿਤ ਦੇ ਨਾਲ (ਜਿਸ ਦਾ ਕਿ ਉਸ ਨੇ ਅਧਿਐਨ ਕੀਤਾ ਹੁੰਦਾ ਹੈ) ਉਸ ਦੇ ਭਾਸ਼ਾਈ ਪੱਖ ਦਾ ਵੀ ਮਾਹਿਰ ਸਮਝ ਲਿਆ ਜਾਂਦਾ ਹੈ। ਜਾਂ ਇਉਂ ਕਹਿ ਲਵੋ ਕਿ ਉਸ ਭਾਸ਼ਾ ਦੇ ਸਾਹਿਤ ਦੇ ਅਧਿਐਨ ਨੂੰ ਹੀ ਉਸ ਭਾਸ਼ਾ ਦੀ ਬਣਤਰ ਜਾਂ ਢਾਂਚੇ ਦਾ ਅਧਿਐਨ ਵੀ ਮੰਨ ਲਿਆ ਜਾਂਦਾ ਹੈ। ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਭਾਸ਼ਾ ਦੇ ਸਾਹਿਤ ਤੋਂ ਭਲੀ ਭਾਂਤ ਜਾਣੂ ਹੋਣਾ ਉਸ ਭਾਸ਼ਾ ਦੇ ਰੂਪ, ਉਸਦੀ ਬਣਤਰ ਜਾਂ ਉਸਦੇ ਢਾਂਚੇ ਤੋਂ ਭਲੀ ਭਾਂਤ ਜਾਣੂ ਹੋਣ ਦੀ ਜ਼ਮਾਨਤ ਨਹੀਂ। ਭਾਸ਼ਾ ਦੇ ਰੂਪ ਦੇ ਅਧਿਐਨ ਲਈ ਇਕ ਖਾਸ ਭਾਂਤ ਦੀਆਂ ਵਿਧੀਆਂ ਤੋਂ ਜਾਣੂ ਹੋਣਾ ਜ਼ਰੂਰੀ ਹੀ ਨਹੀਂ ਸਗੋਂ ਉਨ੍ਹਾਂ ਤੋਂ ਬਿਨਾਂ ਭਾਸ਼ਾ ਦੀ ਬਣਤਰ ਨੂੰ ਸੁਚੇਤ ਤੌਰ 'ਤੇ ਸਮਝਿਆ ਹੀ ਨਹੀਂ ਜਾ ਸਕਦਾ। ਪਰ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਦੇ ਵੱਖ ਵੱਖ ਪੰਜਾਬੀ ਵਿਭਾਗਾਂ ਵਿਚ ਜਿਸ ਸਲੇਬਸ ਨੂੰ ਮੁਖ ਰਖ ਕੇ ਪੰਜਾਬੀ ਪੜ੍ਹਾਈ ਜਾਂਦੀ ਹੈ ਉਸ ਤੋਂ ਇਹ ਸਿੱਧ ਹੁੰਦਾ ਹੈ ਕਿ ਪਚਾਨਵੇ ਫੀ ਸਦੀ ਜ਼ੋਰ ਸਾਹਿਤ ਦੇ ਅਧਿਐਨ 'ਤੇ ਹੀ ਦਿਤਾ ਜਾਂਦਾ ਹੈ ਅਤੇ ਪੰਜ ਕੁ ਫੀ ਸਦੀ ਪੰਜਾਬੀ ਦੀ ਬਣਤਰ ਬਾਰੇ ਵਾਕਫੀਅਤ ਦਿਤੀ ਜਾਂਦੀ ਹੈ। ਇਹੋ ਕਾਰਨ ਹੈ ਕਿ ਸਾਡੇ ਸਕੂਲਾਂ ਵਿਚ ਪੜ੍ਹਾ ਰਹੇ ਸਾਡੇ ਪੰਜਾਬੀ ਦੇ ਅਧਿਆਪਕ ਸਾਡੇ ਵਿਸ਼ਵ-ਵਿਦਿਆਲਿਆਂ ਤੋਂ ਪੰਜਾਬੀ ਦੀ ਐਮ.ਏ. ਪਾਸ ਕਰ ਕੇ ਵੀ ਇਨ੍ਹਾਂ ਪੁਸਤਕਾਂ ਵਿਚੋਂ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਊਣਤਾਈਆਂ ਨਹੀਂ ਵੇਖ ਸਕੇ। ਪੰਜਾਬੀ

## ਅਪ੍ਰਵਾਨ ਮੌਸਮ

ਬਲਦੇਵ ਚੀਮਾਂ

ਡੁੱਬਦੇ ਸੂਰਜ
ਤੋਕੇ!
ਕਰਦੇ - ਚਹਿਕਦਾ –
ਚਿੱਤ - ਚੰਚਲ।
ਇਹ ਨਾਂ ਮੰਨੇ
ਰੋਕਾਂ, ਬੰਨ੍ਹੇ
ਨਾਂ ਹੀ ਰੰਗ, ਨਸਲ ਤੇ ਕੌਮਾਂ!
ਵਣ ਪੌਣਾ,
ਉੱਡਦਾ ਜਾਵੇ
ਬ੍ਰਹਿਮੰਡ ਵਿੱਚ!
ਸੱਤੇ ਰੰਗ
ਸਮੇਟਦਾ ਜਾਵੇ!
ਪਰ ਕੁਝ ਜ਼ਾਲਿਮ,
ਕੁਝ ਧਤਕਾਰੇ,
ਕੁਝ ਪਲ ਮੌਸਮ ਦੇ ਮਾਰੇ
ਕਦਮ ਕਦਮ ਤੇ
ਰਾਹ ਮੇਰੇ ਵਿੱਚ
ਰੋੜੇ ਅਟਕਾਵਣ
ਸੂਲਾਂ ਵਿਛਾਵਣ!
ਖੋਹ ਕੇ ਮੇਰੇ ਤਨ ਤੋਂ ਚਾਦਰ -
ਮੁਸਕਾਵਣ, ਮੇਰਾ
ਮੂੰਹ ਚਿੜਾਵਣ!
ਕਦ ਤੱਕ ਇਹ ਕੋਈ
ਸਭ ਜਰੇਗਾ?
ਸਬਰ, ਸ਼ੁਕਰ ਕੌਣ ਕਰੇਗਾ?
ਚਹਿਕਦਿਆਂ ਸਾਹਿਆਂ ਦੀ
ਛਾਂਵੇਂ, ਕੌਣ ਬੈਠੇਗਾ?
ਹਰ ਪਲ ਮੇਰੇ ਜ਼ਿਹਨ
ਇਹੋ ਤੌਖ ਹੈ ਤੁਰਦਾ!
ਇਹ ਹੈ ਸੱਚ ਅਸਾਂ ਵੇਖਦੇ!
ਜੋ ਮੇਰਾ ਹੈ
ਜਦ ਤੱਕ ਨਾਂ ਮਿਲੇਗਾ
ਕਸ਼ਮਕਸ਼ ਜਾਰੀ ਰਹੇਗੀ!!

o

ਦੀਆ ਅਜਿਹੀਆਂ ਸਾਰੀਆਂ ਪੁਸਤਕਾਂ ਦੀ ਜਿਹਨਾਂ ਵਿਚ ਭਾਸ਼ਾਈ ਊਣਤਾਈਆਂ ਵੇਖਣ ਵਿਚ ਆਉਂਦੀਆਂ ਨੇ, ਸੁਧਾਈ ਕਰਵਾਉਣੀ ਬਹੁਤ ਜ਼ਰੂਰੀ ਹੈ। ਅਜਿਹੀ ਸੁਧਾਈ ਇਕ ਦੰਮ ਨਹੀਂ ਹੋ ਸਕਦੀ। ਇਸ ਲਈ ਜਿਹੜੇ ਅਧਿਆਪਕ ਅਜ ਕਲ ਸਾਡੇ ਸਕੂਲਾਂ ਵਿਚ ਪੰਜਾਬੀ ਪੜ੍ਹਾ ਰਹੇ ਨੇ ਅਤੇ ਜਿਹਨਾਂ ਨੇ ਆਪਣੇ ਪੜ੍ਹਾਈ ਸਮੇਂ ਭਾਸ਼ਾ ਵਿਗਿਆਨ ਨਹੀਂ ਪੜ੍ਹਿਆ, ਉਨ੍ਹਾਂ ਦੀ ਸਹਾਇਤਾ ਲਈ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਥੋੜੇ ਸਮੇਂ ਦੇ ਕੋਰਸ ਚਲਾਉਣੇ ਚਾਹੀਦੇ ਹਨ ਤਾਂ ਜੋ ਅਜਿਹੀਆਂ ਗਲਤੀਆਂ ਦੀ ਸੁਧਾਈ ਉਹ ਆਪਣੇ ਆਪ ਕਰ ਸਕਣ। ਅਜਿਹਾ ਇੰਤਜ਼ਾਮ ਬੋਰਡ ਅਤੇ ਹੋਰ ਸਰਕਾਰੀ ਅਦਾਰੇ ਹੀ ਕਰ ਸਕਦੇ ਨੇ। ਇਸ ਦੇ ਨਾਲ ਹੀ ਬੀ.ਏ. ਅਤੇ ਐਮ.ਏ ਦੇ ਕੋਰਸਾਂ ਵਿਚ ਪੰਜਾਬੀ ਭਾਸ਼ਾ ਵਿਗਿਆਨ ਨੂੰ ਯੋਗ ਸਥਾਨ ਦੇਣਾ ਚਾਹੀਦਾ ਹੈ। ਭਾਸ਼ਾ ਵਿਗਿਆਨ ਪੜ੍ਹਾਉਣ ਲਈ ਯੋਗ ਭਾਸ਼ਾ-ਵਿਗਿਆਨੀ ਦੀ ਹੀ ਨਿਯੁਕਤੀ ਕਰਨੀ ਚਾਹੀਦੀ ਹੈ।

ਭਾਸ਼ਾ ਦਾ ਟਕਸਾਲੀ ਰੂਪ, ਜੋ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਪੁਸਤਕਾਂ, ਸਮਾਚਾਰ ਪਤਰਾਂ, ਰੇਡੀਓ ਅਤੇ ਟੈਲੀਵੀਯਨ ਆਦਿ ਰਾਹੀਂ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਰੂਪ ਸਬੰਧਤ ਰੂਪਾਂ ਦੇ ਗਠਨ ਦਾ ਕੰਮ ਵੀ ਕਰਦਾ ਹੈ ਅਤੇ ਕਿਸੇ ਵੀ ਭਾਸ਼ਾਈ ਹਵਾਲੇ ਲਈ ਕੇਂਦਰ ਬਿੰਦੂ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਇਸ ਟਕਸਾਲੀ ਰੂਪ ਦੀ ਗਠਨ-ਮੁਕਤੀ ਹੀ ਵੱਖ-ਵੱਖ ਉਪ-ਭਾਸ਼ਾਈ ਇਲਾਕਿਆਂ ਦੇ ਵਕਤਿਆਂ ਨੂੰ ਇਕ ਭਾਸ਼ਾਈ ਬਰਾਦਰੀ ਦਾ ਰੂਪ ਦਿੰਦੀ ਹੈ। ਦੂਜੇ ਪਾਸੇ ਟਕਸਾਲੀ ਰੂਪ ਨੂੰ ਆਧਾਰ ਮੰਨ ਕੇ ਹੀ ਵੱਖ ਵੱਖ ਸਮਾਜਿਕ ਸਥਿਤੀਆਂ ਵਿਚ ਵੱਖ ਵੱਖ ਭਾਸ਼ਾਈ ਰੂਪਾਂ ਦੀ ਸੁਧਤਾ ਜਾਂ ਅਸੁਧਤਾ ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਸਾਹਮਣੇ ਆ ਚੁਕਿਆ ਹੈ। ਪਰ ਇਨ੍ਹਾਂ ਪੁਸਤਕਾਂ ਵਿਚ ਟਕਸਾਲੀ ਰੂਪ ਦੀ ਥਾਂ ਉਪ-ਭਾਸ਼ਾਈ ਰੰਗ ਚਾੜ੍ਹਨ ਦਾ ਯਤਨ ਕੀਤਾ ਮਿਲਦਾ ਹੈ।

ਸਰਕਾਰੀ ਦਫਤਰਾਂ ਅਤੇ ਸਿਖਿਆ ਕੇਂਦਰਾਂ ਵਿਚ ਪੰਜਾਬੀ ਦੀ ਵਰਤੋਂ ਲਈ ਲੁੜੀਂਦੀ ਪਰਬੰਧਕੀ ਅਤੇ ਤਕਨੀਕੀ ਸ਼ਬਦਾਵਲੀ ਦੀ ਲੋੜ ਹੈ। ਭਾਵੇਂ ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ ਨੇ ਅਜਿਹੀ ਸ਼ਬਦਾਵਲੀ ਤਿਆਰ ਵੀ ਕੀਤੀ ਹੈ ਪਰ ਤਾਂ ਵੀ ਹਾਲੀ ਬਹੁਤ ਕੁਝ ਕਰਨਾ ਬਾਕੀ ਹੈ। ਜਿਥੋਂ ਤਕ ਹੋ ਸਕੇ ਪ੍ਰਚਲਤ ਅੰਗਰੇਜ਼ੀ ਤਕਨੀਕੀ ਸ਼ਬਦਾਵਲੀ ਹੀ ਅਪਣਾ ਲੈਣੀ ਲਾਹੇਵੰਦ ਹੈ। ਬਾਕੀ ਰਹਿ ਗਏ ਪਾੜੇ ਨੂੰ ਭਰਨ ਲਈ ਲੁੜੀਂਦੀ ਸ਼ਬਦਾਵਲੀ ਸੰਸਕ੍ਰਿਤ ਤੋਂ ਮਿਲ ਸਕਦੀ ਹੈ। ਪੰਜਾਬੀ ਨੇ ਅਜ ਤਕ ਦਾਰਸ਼ਨਿਕ, ਧਾਰਮਿਕ ਅਤੇ ਬੋਧਕ ਖੇਤਰ ਵਿਚ ਵਧੇਰੇ ਸ਼ਬਦਾਵਲੀ ਸੰਸਕ੍ਰਿਤ ਤੋਂ ਹੀ ਲਈ ਹੈ। ਕੁਝ ਲੁੜੀਂਦੀ ਸ਼ਬਦਾਵਲੀ ਸਾਡੇ ਲੋਕ-ਸਾਹਿਤ ਵਿਚੋਂ ਵੀ ਮਿਲ ਸਕਦੀ ਹੈ। ਅਨਪੜ੍ਹ ਅਤੇ ਪੜ੍ਹੇ ਲਿਖੇ ਲੋਕਾਂ ਦੀ ਬੋਲੀ ਵਿਚ ਸੰਪਰਕ ਪੈਦਾ ਕਰਨ ਲਈ ਬਹੁਤ ਸਾਰੀ ਤਕਨੀਕੀ ਸ਼ਬਦਾਵਲੀ ਵੱਖ ਵੱਖ ਸਾਧਨਾਂ, ਜਿਵੇਂ ਕਿ ਰੇਡੀਓ, ਟੈਲੀਵੀਯਨ ਅਤੇ ਸਮਾਚਾਰ ਪੱਤਰਾਂ ਆਦਿ ਰਾਹੀਂ ਆਮ ਲੋਕਾਂ ਦੀ ਬੋਲੀ ਵਿਚ ਦਾਖਲ ਕਰਨ ਦੀ ਬਹੁਤ ਵੱਡੀ ਲੋੜ ਹੈ।

ਭਾਰਤ ਵਰਗੇ ਗਰੀਬ ਦੇਸ਼ ਵਿਚ ਸਾਡੇ ਵਿਸ਼ਵ-ਵਿਦਿਆਲਿਆ ਦੀ ਵਿਸ਼ੇਸ਼ ਜ਼ੁਮੇਵਾਰੀ ਇਸ ਦੇਸ਼ ਦੀ ਸਰਵਪੱਖੀ ਉੱਨਤੀ ਵਿਚ ਹਿੱਸਾ ਪਾਉਣਾ ਹੈ। ਇੰਜ ਹੀ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਨੇ ਹੋਰ ਇਲਾਕਾਈ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਇਕ ਵਿਸ਼ੇਸ਼ ਜ਼ੁਮੇਵਾਰੀ ਨਿਭਾਉਣੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਦੇ ਵੱਖ ਵੱਖ ਪੱਖਾਂ ਬਾਰੇ ਖੋਜ ਕਰਨੀ ਅਤਿ ਜ਼ਰੂਰੀ ਹੈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਨਾਲ ਸਬੰਧਤ ਵੱਖ ਵੱਖ ਕੋਰਸ ਤਿਆਰ ਕਰਨੇ ਇਸੇ ਜ਼ੁਮੇਵਾਰੀ ਦਾ ਇਕ ਹਿੱਸਾ ਨੇ। ਇਸ ਮੰਤਵ ਦੀ ਪੂਰਤੀ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸਥਾਪਤ ਸਾਰੇ ਪੰਜਾਬੀ ਵਿਭਾਗ ਅਤੇ ਕੁਝ ਹੋਰ ਸਬੰਧਤ ਵਿਭਾਗ ਜਿਵੇਂ ਕਿ ਪੰਜਾਬੀ ਲਿਟਰੇਰੀ ਸੱਟਡੀਜ਼ ਅਤੇ ਪੰਜਾਬੀ ਵਿਕਾਸ ਵਿਭਾਗ, ਪਟਿਆਲਾ, ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦਾ 'ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਸਬੰਧਤ ਵਿਭਾਗ', ਅਤੇ ਚੰਡੀਗੜ੍ਹ ਵਿਚ ਕੰਮ ਕਰ ਰਿਹਾ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ ਵਿਭਾਗ ਖਾਸ ਹਿੱਸਾ ਪਾ ਸਕਦੇ ਨੇ। ਪਰ ਇਹਨਾਂ ਸਾਰੇ ਵਿਭਾਗਾਂ ਦਾ ਦੁਖਾਂਤ ਇਹ ਹੈ ਕਿ ਇਹ ਸਾਰੇ ਦੇ ਸਾਰੇ ਪੰਜਾਬੀ ਸਾਹਿਤ ਦੇ ਅਧਿਐਨ 'ਤੇ ਹੀ ਜ਼ੋਰ ਦਿੰਦੇ ਨੇ। ਸਾਰੇ ਪੰਜਾਬੀ ਵਿਭਾਗਾਂ ਵਿਚ ਸਮੁਚੇ ਤੌਰ 'ਤੇ 'ਪੰਜਾਬੀ ਭਾਸ਼ਾ ਦੀ ਬਣਤਰ' ਨਾਲ ਸਬੰਧਤ ਇਕ ਪਰਚਾ ਵੀ ਨਹੀਂ ਪੜ੍ਹਾਇਆ ਜਾਂਦਾ। ਇਹਨਾਂ ਸਾਰੇ ਵਿਭਾਗਾਂ ਵਿਚ ਅਜ ਤਕ ਕਰਵਾਈ ਗਈ ਸਾਰੀ ਖੋਜ ਵਿਚੋਂ 'ਪੰਜਾਬੀ ਭਾਸ਼ਾ ਦੀ ਬਣਤਰ' ਨਾਲ ਸਬੰਧਤ ਖੋਜ ਪੰਜ ਫੀ ਸਦੀ ਤੋਂ ਵੱਧ ਨਹੀਂ ਹੋ ਸਕਦੀ। ਸਾਹਿਤ ਨਾਲ ਸਬੰਧਤ ਖੋਜ ਇੰਨੀ ਪਰਧਾਨ ਹੋ ਗਈ ਹੈ ਕਿ ਪੰਜਾਬੀ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਂ ਥੱਲੇ ਸਾਲ ਵਿਚ ਜੋ ਦੋ ਚਾਰ ਸੈਮੀਨਾਰ ਕਰਵਾਉਂਦਾ ਹੈ ਉਹ ਵੀ ਪੰਜਾਬੀ ਸਾਹਿਤ ਨਾਲ ਹੀ ਸਬੰਧਤ ਹੁੰਦੇ ਨੇ ਅਤੇ ਸ਼ਾਇਦ ਹੀ ਅਜ ਤਕ ਕੋਈ ਸੈਮੀਨਾਰ ਨਿਰੋਲ ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਕਰਵਾਇਆ ਹੋਵੇ ਜਾਂ ਕਰਾਉਣ ਦਾ ਇਰਾਦਾ ਵੀ ਰਖਦਾ ਹੋਵੇ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਸਰਕਾਰੀ ਪ੍ਰਬੰਧ ਅਤੇ ਸਿਖਿਆ ਦੇ ਖੇਤਰ ਵਿਚ ਲਾਗੂ ਕਰਨ ਲਈ ਜਿਸ ਚੀਜ਼ ਦੀ ਲੋੜ ਹੈ ਉਹ ਨਿਰੋਲ ਪੰਜਾਬੀ ਸਾਹਿਤ ਰਚਨ ਜਾਂ ਸਾਹਿਤਕ ਖੋਜ ਨਾਲ ਪੂਰੀ ਨਹੀਂ ਹੋ ਸਕਦੀ। ਵਧੇਰੇ ਲੋੜ ਪੰਜਾਬੀ ਭਾਸ਼ਾ ਸਬੰਧੀ ਖੋਜ ਦੀ ਹੈ। ਪੰਜਾਬੀ



## ਕਸ਼ਮਕਸ਼

ਡਾ: ਗੁਰਚਰਨ ਸਿੰਘ ਪਾਲ (ਐਡਮੰਟਨ)

ਜ਼ਿੰਦਗੀ ਦੀ ਇਕ ਲੰਬੀ ਜਿਹੀ ਦੌੜ ਵਿਚ;
ਇਨਸਾਨ ਹੁਲਾਰਾ ਲੋੜਦਾ ਹੈ
ਇਕ ਪਿਆਰ ਜਿਹੇ ਸਮਾਇਆ ਹੈ,
ਜੋ ਅਕਾਸ਼ ਉਡਾਰੀਆਂ ਭਰਦਾ ਹੈ
ਇਨਸਾਨ ਮੁਹੱਬਤ ਪਾਲੇ ਤਾਂ
ਇਕ ਜਿਊਂਦਾ ਕਬਰਸਤਾਨ ਹੀ ਹੈ
ਸ਼ਮਾ ਦੇ ਪਿਆਰ ਵਿਚ ਇਹ ਬੰਦਾ
ਅੱਤ ਰੰਗੀਆਂ ਪੀਂਘਾਂ ਪਾਉਂਦਾ ਹੈ

ਪਿਆਰ ਦੇ ਨਾਂ ਤੇ ਸ਼ੁਦਾਈ
ਬਿਤਾਂਦੇ ਨੇ ਉਮਰਾਂ "ਆਪਣੀ' ਤਾਲ ਵਿਚ
ਜਿਵੇਂ ਰਾਂਝੇ ਨੇ ਵੰਝਲੀ ਮੁੰਦਰਾਂ ਪਾਈਆਂ
ਅੰਦਰੂਨੀ ਕੁਸ਼ਤੀਆਂ ਦੇ ਨਾਲ ਵਿਚ
ਪਰ ਪਿਆਰ ਦੀ ਮੁਸਕਰਾਹਟ
ਕਰਦੀ ਹੈ ਕਾਬੂ, ਪਲਾਂ ਵਿਚ
ਭੁਲਾ ਦੇਂਦੀ ਹੈ, ਖਿਆਲਾਂ ਦੀ ਦੁਨੀਆਂ
ਰੰਗੀ ਨੂੰ ਇਕਦਮ, ਮਾਸੂਮ ਦੇ ਹਿਸਾਬਾਂ ਵਿਚ
ਘਟ ਕੇ ਇਨਸਾਨੀ ਕੌਮ ਦੇ ਗਹਿਣਾ
ਅਸਾਂ ਕੀ ਲੀਤਾ ਤੇ ਕੀ ਦਿੱਤਾ ਹੈ
ਕੀ ਗੁਆਇਆ ਤੇ ਕੀ ਪਰੋਇਆ ਹੈ
ਕੀ ਖੱਟਿਆ ਤੇ ਕੀ ਖੋਇਆ ਹੈ
ਚਾਰੇ ਨੈਣਾਂ ਵਾਲੀਏ ਨਾਜ਼ਕ ਜਵਾਨੀਏ,
ਮੇਰੇ ਪਿਆਰ ਤੇ ਜ਼ਰਾ ਕੁ ਸ਼ਕ ਨਾ ਕਰ
ਪਰ ਕੀ ਹੈ,
ਜ਼ਿੰਦਗੀ ਦੇ ਸਾਹਾਂ ਦੀ ਘੱਟਾ ਗਿਣਤੀ ਘਟੀ ਹੁੰਦੀ ਹੈ
ਤੇ ਮੇਰੀ ਘਬਰਾਹਟ ਵਧਦੀ ਜਾਂਦੀ ਹੈ
ਤੇ ਇਹ ਪਿਆਰ ਤੇ ਸਮਾਜ ਦੀ ਕਸ਼ਮਕਸ਼
ਦਿਨ ਬਦਿਨ ਘਨੇਰੀ ਹੁੰਦੀ ਜਾਂਦੀ ਹੈ
ਤੇਰੇ ਪੈਰਾਂ ਨਾਲ ਜੋੜ ਪੈਰ
ਲੋੜਦਾ ਹਾਂ ਦੁਨੀਆਂ ਹਿਲਾਉਣ ਨੂੰ
ਕੁਝ ਸਿੱਖਣ ਨੂੰ ਕੁਝ ਸਿਖਾਉਣ ਨੂੰ
ਤੇ ਇਸੇ ਜਿਸ ਰੰਗ ਵਿਚ, ਰੂਪ ਬਦਲੇ
ਦੁਨੀਆਂ ਤੇ ਰਲੇ ਨਾਲ ਨੂੰ.

ਯੂਨੀਵਰਸਿਟੀ ਪਟਿਆਲਾ ਵਿਚ ਭਾਸ਼ਾ ਵਿਗਿਆਨ ਵਿਭਾਗ ਦੀ ਸਥਾਪਨਾ ਸ਼ਾਇਦ ਮੁਖ ਰੂਪ ਵਿਚ ਪੰਜਾਬੀ ਭਾਸ਼ਾ ਸਬੰਧੀ ਖੋਜ ਕਰਨ ਲਈ ਹੀ ਕੀਤੀ ਗਈ ਸੀ। ਪਰ ਜਾਪਦਾ ਹੈ ਕਿ ਇਹ ਵਿਭਾਗ ਵੀ ਆਪਣੀ ਜ਼ੁਮੇਵਾਰੀ ਨਿਭਾਹੁਣ ਵਿਚ ਅਸਫ਼ਲ ਰਿਹਾ ਹੈ।

ਪੰਜਾਬ ਸਰਕਾਰ ਪੰਜਾਬੀਆਂ ਦੇ ਖ਼ੂਨ ਪਸੀਨੇ ਦੀ ਕਮਾਈ ਵਿਚੋਂ ਕਰੋੜਾਂ ਰੁਪਏ ਪੰਜਾਬੀ ਭਾਸ਼ਾ ਦੀ ਉੱਨਤੀ ਦੇ ਨਾਂ ਥੱਲੇ ਇਨ੍ਹਾਂ ਬੋਰਡਾਂ ਅਤੇ ਯੂਨੀਵਰਸਿਟੀਆਂ ਵਿਚ ਖ਼ਰਚ ਕਰ ਰਹੀ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਸਮੇਂ ਸਮੇਂ ਇਨ੍ਹਾਂ ਬੋਰਡਾਂ ਅਤੇ 'ਪੰਜਾਬੀ ਭਾਸ਼ਾ ਦੀ ਉਨਤੀ' ਨਾਲ ਸਬੰਧਤ ਹੋਰ ਵਿਭਾਗਾਂ ਦੇ ਕੰਮ ਕਾਜ ਦੀ ਜੋਖ ਪਰਖ ਲਈ ਭਾਸ਼ਾ ਵਿਗਿਆਨੀਆਂ 'ਤੇ ਆਧਾਰਤ ਕਮੇਟੀਆਂ ਕਾਇਮ ਕੀਤੀਆਂ ਜਾਣ। ਅਜਿਹੀਆਂ ਕਮੇਟੀਆਂ ਵਲੋਂ ਦਿਤੇ ਗਏ ਸੁਝਾਵਾਂ ਦੀ ਰੋਸ਼ਨੀ ਵਿਚ ਅਗਾਂਹ ਕਦਮ ਪੁਟਣੇ ਚਾਹੀਦੇ ਨੇ। ਪਿਛੇ ਜਿਹੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਸ ਵਿਸ਼ਵ-ਵਿਦਿਆਲੇ ਵਿਚ ਪੰਜਾਬੀ ਭਾਸ਼ਾ ਦੀ ਉਨਤੀ ਲਈ ਖਰਚੇ ਜਾ ਰਹੇ ਪੈਸੇ ਨਾਲ ਚਲ ਰਹੇ ਵਿਭਾਗਾਂ ਦੇ ਕੰਮ ਕਾਜ ਦੀ ਪੜਤਾਲ ਲਈ ਇਕ ਕਮੇਟੀ ਡਾਕਟਰ ਐਮ.ਐਸ. ਰੰਧਾਵਾ ਦੀ ਪ੍ਰਧਾਨਗੀ ਹੇਠ ਨਿਯੁਕਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਬੰਧਤ ਵਿਭਾਗਾਂ ਦੀਆਂ ਬਹੁਤ ਸਾਰੀਆਂ ਊਣਤਾਈਆਂ ਅਤੇ ਫੰਡਾਂ ਦੀ ਦੁਰਵਰਤੋਂ ਦਾ ਜ਼ਿਕਰ ਕੀਤਾ ਸੀ। ਕਮੇਟੀ ਨੇ ਕੁਝ ਨਵੇਂ ਕੰਮ ਕਰਨ ਦਾ ਸੁਝਾਅ ਵੀ ਦਿਤਾ ਸੀ। ਪਰ ਲਗਦਾ ਇਉਂ ਹੈ ਕਿ ਇਸ ਕਮੇਟੀ ਦੀ ਰਿਪੋਰਟ ਕੂੜੇ ਦੀ ਟੋਕਰੀ ਵਿਚ ਸੁਟ ਦਿਤੀ ਗਈ ਹੈ। ਅਜ ਤਕ ਇਸ ਕਮੇਟੀ ਵਲੋਂ ਦਿਤੇ ਗਏ ਕਿਸੇ ਵੀ ਉਸਾਰੂ ਸੁਝਾ 'ਤੇ ਅਮਲ ਨਹੀਂ ਹੋਇਆ। ਇਸੇ ਹੀ ਕਮੇਟੀ ਦੀ ਰਿਪੋਰਟ ਨੂੰ ਮੁਖ ਰਖਦਿਆਂ ਹੋਇਆਂ ਭਾਸ਼ਾ ਵਿਗਿਆਨ ਵਿਭਾਗ ਨੇ ਸਰਬੰਗੀ ਪੰਜਾਬੀ ਵਿਆਕਰਨ (ਤਿੰਨ ਜਿਲਦਾਂ ਵਿਚ) ਤਿਆਰ ਕਰਨ ਦਾ ਮਨਸੂਬਾ ਤਿਆਰ ਕੀਤਾ ਸੀ। ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਅਤੇ ਇਸ ਸਬੰਧੀ ਉਲੀਕੀ ਰੂਪ ਰੇਖਾ ਨੂੰ ਅਮਲੀ ਰੂਪ ਦੇਣ ਲਈ ਸ਼ੁਰੂ ਵਿਚ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਵਿਚਾਰ ਵਟਾਂਦਰੇ ਲਈ ਦੋ ਸੈਮੀਨਾਰ ਕਰਵਾਏ ਗਏ ਸਨ। ਇਹਨਾਂ ਦੋਹਾਂ ਹੀ ਸੈਮੀਨਾਰਾਂ ਵਿਚ ਖੋਜ ਪੱਤਰ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿਚ ਹੀ ਪੜ੍ਹੇ ਗਏ ਸਨ। ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਆ ਕੇ ਵਿਦਵਾਨਾਂ ਨੇ ਇਹਨਾਂ ਸੈਮੀਨਾਰਾਂ ਵਿਚ ਹਿੱਸਾ ਲਿਆ ਸੀ। ਇਹਨਾਂ ਦੋਹਾਂ ਸੈਮੀਨਾਰਾਂ ਵਿਚ ਪੜ੍ਹੇ ਗਏ ਖੋਜ ਪੱਤਰ ਵਿਭਾਗ ਵਲੋਂ ਛਾਪੇ ਜਾ ਚੁਕੇ ਨੇ। ਇਹ ਸੈਮੀਨਾਰ ਕਰਨ ਦਾ ਮੁਖ ਮੰਤਵ ਸਬੰਧਤ ਵਿਦਵਾਨਾਂ ਦਾ ਧਿਆਨ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਲੋੜੀਂਦੀ ਖੋਜ ਵਲ ਦਿਵਾਉਣਾ ਸੀ। ਸ਼ੁਰੂ ਵਿਚ ਇਸ ਕਾਰਜ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧਿਕਾਰੀਆਂ ਵਲੋਂ ਕਾਫ਼ੀ ਸਹਿਯੋਗ ਦਿਤਾ ਗਿਆ ਪਰ ਬਾਅਦ ਵਿਚ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ (ਇਹ ਕਾਰਨ ਯੂਨੀਵਰਸਿਟੀ ਅਧਿਕਾਰੀ ਹੀ ਦਸ ਸਕਦੇ ਨੇ) ਸਰਬੰਗੀ ਪੰਜਾਬੀ ਵਿਆਕਰਨ ਸਬੰਧੀ ਤਿਆਰ ਕੀਤੇ ਮਨਸੂਬੇ ਧਰੇ ਧਰਾਏ ਹੀ ਰਹਿ ਗਏ। ਇਸ ਪ੍ਰਾਜੈਕਟ 'ਤੇ ਕੰਮ ਕਰਨ ਲਈ ਨਾ ਤਾਂ ਵਾਧੂ ਪੈਸੇ ਦੀ ਲੋੜ ਸੀ ਅਤੇ ਨਾ ਹੀ ਟ੍ਰੇਂਡ ਆਦਮੀਆਂ ਦੀ ਘਾਟ ਸੀ। ਪੰਜਾਬੀ ਯੂਨੀਵਰਸਿਟੀ ਵਿਚ ਹੀ ਪੰਜਾਬੀ ਭਾਸ਼ਾ ਦੀ ਉੱਨਤੀ ਸਬੰਧੀ ਅਧਿਕਾਰੀਆਂ ਦੇ ਅਜਿਹੇ ਵਤੀਰੇ ਨੂੰ ਮੁਖ ਰਖਦਿਆਂ ਇਸ ਦਿਸ਼ਾ ਵਿਚ ਕੰਮ ਕਰਨ ਦਾ ਹੌਸਲਾ ਅਗਾਂਹ ਨੂੰ ਕੌਣ ਕਰ ਸਕਦਾ ਹੈ ?

ਸਰਕਾਰੀ ਅਦਾਰਿਆਂ ਨੂੰ ਛੱਡ ਕੇ ਜੇ ਅਸੀਂ ਸਾਹਿਤ ਸਭਾਵਾਂ ਅਤੇ ਪੰਜਾਬੀ ਸਾਹਿਤ ਅਕਾਡਮੀ ਆਦਿ ਅਦਾਰਿਆਂ ਦੇ ਕੰਮ ਵਲ ਵੀ ਧਿਆਨ ਦੇਈਏ ਤਾਂ ਪਤਾ ਲਗਦਾ ਹੈ ਕਿ ਇਹਨਾਂ ਅਦਾਰਿਆਂ ਦਾ ਝੁਕਾਅ ਵੀ ਪੰਜਾਬੀ ਸਾਹਿਤ ਦੀ ਪ੍ਰਗਤੀ ਵਲ ਹੀ ਹੈ। ਨਿਰੋਲ ਭਾਸ਼ਾ ਸਬੰਧੀ ਖੋਜ ਵਲ ਇਹਨਾਂ ਅਦਾਰਿਆਂ ਨੇ ਵੀ ਕੋਈ ਧਿਆਨ ਨਹੀਂ ਦਿਤਾ। ਇਹ ਅਦਾਰੇ ਵੀ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਸਬੰਧ ਵਿਚ ਕੋਈ ਸਾਵੀਂ ਪਹੁੰਚ ਨਹੀਂ ਅਪਣਾ ਸਕੇ। ਇਥੇ ਇਹ ਵਰਣਨ ਯੋਗ ਹੈ ਕਿ ਪਿਛੇ ਜਿਹੇ ਪੰਜਾਬੀ ਸਾਹਿਤ ਅਕਾਡਮੀ ਦੀ ਲੁਧਿਆਣੇ ਵਿਚ ਮਨਾਈ ਗਈ ਸਿਲਵਰ ਜੁਬਲੀ ਸਮੇਂ ਹਫਤਾ ਭਰ ਵਿਚਾਰ ਵਟਾਂਦਰਾ ਸਿਰਫ਼ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਬਾਰੇ ਹੀ ਹੁੰਦਾ ਰਿਹਾ ਅਤੇ ਪੰਜਾਬੀ ਭਾਸ਼ਾ ਦੇ ਪੱਖ ਨੂੰ ਲੈ ਕੇ ਇਕ ਵੀ ਖੋਜ-ਪੱਤਰ ਨਹੀਂ ਪੜ੍ਹਿਆ ਗਿਆ। ਇਹੋ ਹਾਲ ਕੇਂਦਰੀ ਸਾਹਿਤ ਸਭਾ ਦਾ ਹੈ। ਇਸ ਤਰ੍ਹਾਂ ਸਾਡੀਆਂ ਇਹ ਸਾਹਿਤ ਸਭਾਵਾਂ ਅਤੇ ਅਕਾਡਮੀਆਂ ਆਪਣੀਆਂ ਕਾਰਵਾਈਆਂ ਰਾਹੀਂ ਪੰਜਾਬੀ ਭਾਸ਼ਾ ਦੀ ਲੋੜੀਂਦੀ ਉੱਨਤੀ ਵਿਚ ਕਿੰਨਾ ਕੁ ਹਿੱਸਾ ਪਾ ਰਹੀਆਂ ਨੇ, ਇਸ ਦਾ ਅੰਦਾਜ਼ਾ ਲਾਉਣਾ ਅਸੰਭਵ ਨਹੀਂ।

ਸੰਨਵਰ ਸਹਿਤ ਸੋਧ ਵਿਚੋਂ

---

o ਅਸੀਂ ਲੇਖਕ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੀਆਂ ਪੁਸਤਕਾਂ ਰੀਵਿਊ ਲਈ ਕੇਵਲ ਵਤਨੋਂ ਦੂਰ ਦੇ ਸਿਰਨਾਂਵੇ ਤੇ ਭੇਜਣ ਨਾਂ ਕਿ ਪਰਚੇ ਲਈ ਕਿਸੇ ਵਿਸ਼ੇਸ਼ ਵਿਅਕਤੀ ਨੂੰ।

o ਅਸੀਂ ਪਾਠਕ ਦੋਸਤਾਂ ਨੂੰ ਇਹ ਸੰਦੇਸ਼ ਦਿੰਦਿਆਂ ਖੁਸ਼ੀ ਮਹਿਸੂਸ ਕਰਦੇ ਹਾਂ ਕਿ ਉਹ ਵਤਨੋਂ ਦੂਰ ਦਾ ਦੋ ਸਾਲ ਦਾ 10 ਡਾਲਰ ਚੰਦਾ ਭੇਜਣ ਤੇ ਹੇਠ ਲਿਖੀਆਂ ਦੋ ਪੁਸਤਕਾਂ ਚੋਂ ਕੋਈ ਇਕ ਮੁਫਤ ਹਾਸਲ ਕਰ ਸਕਦੇ ਹਨ।

1. ਮੈਲੇ ਰੰਗੀ ਸ਼ਹਰ – ਲੇਖਕ, ਸਾਧੂ
2. ਚਾਹੋਂ ਆਇਆ ਆਦਮੀ - ਲੇਖਕ, ਅਮਰਜੀਤ ਚਾਹਲ

ਇਹ ਰਿਆਇਤ ਕੇਵਲ ਅਪਰੈਲ ਮਹੀਨੇ ਦੀ ਅਖੀਰ ਤੱਕ ਹੀ ਰਹੇਗੀ।

## ਸੂਚਨਾ

ਪੰਜਾਬ ਕਲਚਰਲ ਐਸੋਸੀਏਸ਼ਨ, ਸਰੀ ਇੰਡੀਆ ਆਰਟਸ ਕਲੱਬ ਤੇ ਕਲਾ ਮੰਦਰ ਰਲ ਕੇ 4 ਅਪ੍ਰੈਲ ਨੂੰ ਸ਼ਾਮ ਦੇ ਸੱਤ ਵਜੇ ਤੋਂ ਵਿਕ ਚਾਂਪਲਨ ਸਕੂਲ ਵਿਖੇ ਵਿਸਾਖੀ ਦਾ ਪ੍ਰੋਗਰਾਮ ਮਨਾ ਰਹੇ ਹਨ। ਹੋਰ ਜਾਣਕਾਰੀ ਮਹਿੰਦਰ ਸੁਮਨ ਨੂੰ 327-6461 ਤੇ ਫੋਨ ਕਰੋ।

# Elite Tailors

## ਈਲਾਈਟ ਟੇਲਰਜ਼

ਆਦਮੀਆਂ ਅਤੇ ਲੜਕਿਆਂ ਦੇ ਹਰ ਕਿਸਮ ਦੇ ਰੈਡੀਮੇਡ ਕਪੜੇ ਗਰਮ ਅਤੇ ਵੈਲਵਟ ਦੇ ਸੂਟ, ਜੈਕਟਾਂ, ਖੁਲ੍ਹੀ ਮੋਹਰੀ ਦੀਆਂ ਪੈਂਟਾਂ ਕਮੀਜ਼ਾਂ ਅਤੇ ਬੂਟ ਆਦਿ ਬਹੁਤ ਹੀ ਵਾਜਬ ਕੀਮਤਾਂ ਤੇ ਲੈਣ ਲਈ ਸਾਡੇ ਸ਼ੋਅ ਰੂਮ 'ਚ ਆਓ

**WE CARRY GOOD SELECTION OF MEN'S SUITS, JACKETS PANTS, SHIRTS, SHOES BOYS PANTS & SUITS. ALSO**

Ladies Velvet Jackets Pants Blouses

**WE CARRY UNIFORMS FOR SOCCER, FIELD HOCKEY, BASEBALL & FOOTBALL**

ਦਰਸ਼ਨ ਦਿਓ ਜਾਂ ਫੂਨ ਕਰੋ

VISA

master charge

**ELITE TAILORS**
**4219 MAIN STREET**
**PHONE: 872-2276** [AT 26TH AVE.] [NEXT TO VANCITY]

---

**If you are looking for**
***Quality** [redacted]
*** Quality** [redacted]
*** Price** [redacted]
*** After sale service when buying your car contact**
**KELLY SINGH NAGI**

ਕਿਸੇ ਪ੍ਰਕਾਰ ਦੀ ਕਾਰ ਖ਼ਰੀਦਣੀ
ਜਾਂ ਟਰੇਡ ਕਰਨੀ ਹੋਵੇ ਤਾਂ
ਖ਼ਰੀਦ ਤੋਂ ਪਹਿਲਾਂ
ਕੈਲੀ ਸਿੰਘ ਨਾਗੀ
ਨੂੰ ਮਿਲੋ ਜਾਂ ਫੋਨ ਕਰੋ।



Office
**521-7731**
RES. 526-6959

## WESTMINSTER CHEVROLET-OLDSMOBILE

12 th Ave. at Queens Ave
New West Minster

---

FOR YOUR INSURANCE NEEDS:
SUCH AS —

- **AUTO INSURANCE**
- **BUSINESS**
- **COMMERCIAL**
- **HOME OWNERS**
- **TRAVEL INSURANCE**



*BALDEV SANGRA*
*BUS: (604) 321-4125*
*RES: (604) 687-7711*
*PAGER: 7648*
*RES: 325-5857*

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ, ਮਕਾਨ ਅਤੇ ਕੌਂਪਰ ਆਦਿ ਲਈ ਸਾਡੀਆਂ ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

**5186 VICTORIA DR.**
**VANCOUVER, B.C. V5P 3V2**

---

## GOYAL TRAVEL

**4152 Fraser St.**
**Vancouver, B.C.**
**Tel:**
**[604] 872-7658**

*WE OFFER THE CHEAPEST FARES TO*

**. India . Pakistan .**
**. Nairobi . Dareselam .**

*SPECIAL FARES FROM SEATTLE TO LONDON-*
*One way or Return*
4 Offices in India to serve you:

**New Delhi . Jullundur**
**. Moga Jagroan .**

# ਚੀਫ਼ ਡੈਨ ਜਾਰਜ

ਅਨੁਵਾਦ ਤੇ ਸਾਰ ਪਰਾਗ:
ਦਰਸ਼ਨ ਗਿੱਲ

ਚੀਫ਼ ਡੈਨ ਜਾਰਜ, ਕੈਨੇਡਾ ਦੇ ਰੈੱਡ ਇੰਡੀਅਨਜ਼ ਦੇ ਇਕ ਕਬੀਲੇ "ਕੇ-ਸੈਲਿਸ਼' 'ਚ ਉੱਤਰੀ ਵੈਨਕੂਵਰ ਦੇ ਬੱਰਡ ਰੀਜ਼ਰਵ ਵਿੱਚ 1899 ਵਿੱਚ ਪੈਦਾ ਹੋਇਆ।

ਬਚਪਨ ਉਸਨੇ ਆਪਣੇ ਲੋਕਾਂ ਵਿੱਚ, ਆਪਣੇ ਲੋਕਾਂ ਵਾਂਗ ਗੁਜ਼ਾਰਿਆ। ਸਮੁੰਦਰ ਕੰਢੇ, ਮੱਛੀਆਂ ਫੜੀਆਂ, ਬੇੜੀਆਂ ਤੋਰੀਆਂ ਤੇ ਰਵਾਇਤੀ ਢੰਗਾਂ ਦੇ ਹੁਨਰ ਸਿੱਖੇ। ਸੋਲ੍ਹਾਂ ਸਾਲ ਦੀ ਉਮਰ ਤੱਕ ਸੇਂਟ ਪਾਲ ਬੋਰਡਿੰਗ, ਵੈਨਕੂਵਰ ਵਿੱਚ ਪੜ੍ਹਿਆ ਤੇ ਫਿਰ ਜੰਗਲਾਂ ਵਿੱਚ ਰੁੱਖ ਵੱਢਣ ਦਾ ਕੰਮ ਕੀਤਾ। ਵੈਨਕੂਵਰ ਦੇ ਸਮੁੰਦਰੀ ਤੱਟ ਤੇ ਮਾਂਝੀ ਦਾ ਕੰਮ ਕੀਤਾ, ਜਿਥੇ ਉਹ 1947 ਤੱਕ ਜੁੜਿਆ ਰਿਹਾ। ਅਗਲੇ ਦਸਾਂ ਸਾਲਾਂ ਵਿੱਚ ਉਹ ਸੰਗੀਤਕਾਰ ਦੇ ਤੌਰ ਤੇ ਉਭਰਿਆ ਅਤੇ ਆਪਣੇ ਰੀਜ਼ਰਵ ਦਾ ਸਰਦਾਰ ਚੁਣਿਆ ਗਿਆ। ਇਸ ਅਹੁਦੇ ਤੇ ਉਹ ਬਾਰਾਂ ਸਾਲ ਟਿਕਿਆ ਰਿਹਾ। 1960 ਵਿੱਚ ਉਹ ਟੈਲੀਵੀਜ਼ਨ ਦੀਆਂ ਦੁਨੀਆਂ ਵਿੱਚ ਆ ਸ਼ਾਮਲ ਹੋਇਆ, ਜਿਥੇ ਉਸਨੇ ਵੱਖ ਵੱਖ ਕਿਰਦਾਰਾਂ ਵਿੱਚ ਨਾਮਣਾ ਖੱਟੀ। ਉਸਨੇ 25 ਟੀ.ਵੀ. ਤਮਾਸ਼ਿਆਂ ਵਿੱਚ ਰੋਲ ਕੀਤੇ। ਰੇਡੀਓ ਨਾਟਕਾਂ ਵਿੱਚ ਉਹਦਾ ਨਾਂ ਚਮਕਿਆ, ਇੱਕ ਚੰਗੇ ਬੁਲਾਰੇ ਦੇ ਤੌਰ ਤੇ ਵੀ ਉਹਦਾ ਨਾਂ ਉਭਰਿਆ।

ਵਾਲਟ ਡਿਜ਼ਨੀ ਦੀ ਫ਼ਿਲਮ "HOW TO BREAK A QUARTER HORSE' ਦੇ ਨਾਲ ਉਹ ਫਿਲਮੀ ਦੁਨੀਆਂ ਵਿੱਚ ਆ ਸ਼ਾਮਿਲ ਹੋਇਆ' ਇਹ ਫਿਲਮ ਅਮਰੀਕਾ ਵਿਚ ਬਣੀ। "LITTLE BIG MAN" ਵਿੱਚ ਵਧੀਆ ਰੋਲ ਅਦਾ ਕਰਨ ਕਾਰਨ ਅਕੈਡਮੀ ਇਨਾਮ ਲਈ ਉਸਦਾ ਨਾਂ ਪੇਸ਼ ਹੋਇਆ।

ਡੈਨ ਜਾਰਜ 81 ਸਾਲ ਦੀ ਉਮਰ ਵਿੱਚ ਵੀ ਰੇਡੀਓ, ਟੀ.ਵੀ., ਫਿਲਮਾਂ, ਸਟੇਜ ਅਤੇ ਲੈਕਚਰਾਰ ਦੇ ਨਾਤੇ ਇਕ ਮਸ਼ਹੂਰ ਵਿਅਕਤੀ ਹੈ।

"MY HEART SOARS" ਉਸ ਦੀਆਂ ਪ੍ਰਤੀਨਿਧ ਕਵਿਤਾਵਾਂ ਦਾ ਸੰਗ੍ਰਹਿ ਹੈ ਜਿਸ ਨੂੰ ਦਰਸ਼ਨ ਗਿੱਲ ਨੇ ਪੰਜਾਬੀ ਰੂਪ ਦੇ ਕੇ "ਉਕਾਬ ਦੀ ਉਡਾਣ" ਦੇ ਨਾਂ ਹੇਠ ਪੁਸਤਕ ਰੂਪ ਵਿੱਚ ਪਿਛਲੇ ਦਿਨੀਂ ਛਪਵਾਇਆ ਹੈ। ਨਿਮਨ ਕਵਿਤਾਵਾਂ ਉਸੇ ਸੰਗ੍ਰਹਿ ਵਿਚੋਂ ਲਈਆਂ ਗਈਆਂ ਹਨ।

## ਅਮਰ - ਸ਼ਕਤੀ !

ਹੇ ਅਮਰ-ਸ਼ਕਤੀ !
ਮੈਨੂੰ ਪੁਰਾਤਨ ਸਰਦਾਰਾਂ ਦੀ
ਤਾਕਤ ਬਖ਼ਸ਼ !
ਮੈਨੂੰ,
ਆਪਣੇ,
ਭਵਿੱਖ ਨਾਲ ਜੂਝਣ ਦੇ !

ਮੈਨੂੰ
ਆਪਣੇ,
ਆਲੇ ਦੁਆਲੇ ਨਾਲ
ਇਕ ਸੁਰ ਹੋਣ ਦੇ !

ਮੈਂ
ਨਵੇਂ ਸਭਿਆਚਾਰ ਨਾਲ,
ਕਦਮ ਮਿਲਾ ਕੇ,
ਚਲਣ ਦੀ ਕੋਸ਼ਿਸ਼ 'ਚ ਹਾਂ !

ਪੁਰਾਤਨ 'ਅਸਮਾਨੀ ਪਰਿੰਦੇ' ਵਾਂਗ
ਮੈਂ
ਸਾਗਰ'ਚੋਂ
ਦੁਬਾਰਾ ਪੈਦਾ ਹੋਵਾਂ !

ਮੈਂ
ਚਿੱਟੀ ਚਮੜੀ ਵਾਲੇ ਮਨੁੱਖ ਤੋਂ
ਹਥਿਆਰ ਖੋਹ,
ਆਪਣਾ ਗਿਆਨ,
ਆਪਣਾ ਹੁਨਰ,
ਸੰਪੂਰਨ ਕਰਾਂ !

ਨਵੇਂ
ਹਥਿਆਰਾਂ ਤੇ ਸੰਦਾਂ ਸੰਗ,
ਨਵੀਂ ਕੌਮ ਦਾ
ਨਿਰਮਾਣ ਕਰਾਂ !

ਤਾਂ ਕਿ
ਮੇਰੀ ਕੌਮ,
ਮਾਣ ਦਾ ਹੱਕ,
ਹਾਸਿਲ ਕਰੇ !

ਮੈਂ ਚਾਹਾਂਗਾ,
ਸਾਡੇ ਯੁਵਕ,
ਸਾਡੇ ਸਰਦਾਰ,
ਸਰਕਾਰ ਤੇ ਕਨੂੰਨ-ਘਾੜਾਂ 'ਚ ਬੈਠ,
ਰਾਜ ਕਰਨ !

ਗਿਆਨ ਤੇ ਅਜ਼ਾਦੀ
ਸਾਡੀ ਧਰਤੀ ਦਾ
ਮਾਣ ਬਣੇ !

o o o

# ਆਪਣੇ ਪੋਤਰੇ ਨੂੰ !

.....ਜਿਨ੍ਹਾਂ ਦੀਆਂ ਜੁੱਤੀਆਂ
ਤਲਿਆਂ ਘਸ ਗਈਆਂ ਹਨ,
ਉਹਨਾਂ ਨੂੰ ਕਦਮਾਂ ਦੀ,
ਪਹਿਚਾਣ ਹੁੰਦੀ ਹੈ !

ਕਾਸ਼ !
ਤੂੰ ਉਨ੍ਹਾਂ ਜਿਨ੍ਹਾਂ ਨੂੰ
ਮੌਕੇ ਪਛਾਣ ਲੈ ਸਕੇਂ !
ਤੂੰ
ਧਰਤੀ ਮੈਨਾਊ ਕੌਮ 'ਚੋਂ ਹੈਂ !
ਆਪਾਂ,
ਲੁੱਟ-ਖਾਧ,
ਰਾਹਾਂ ਦੇ ਪਾਂਧੀ ਹਾਂ !
ਆਪਾਂ
ਹਮੇਸ਼ਾਂ,
ਸਾਊਆਂ ਵਾਲਾ ਜੀਵਨ
ਬਿਤਾਇਆ ਹੈ !
ਤੇ
ਸਾਊਆਂ ਵਾਂਗ,
ਤਰੀਕਾ,
ਅਪਣਾਇਆ ਹੈ !

ਜਿਵੇਂ
ਕੋਈ ਨਦੀ
ਸਮੁੰਦਰ ਦੀ ਭਾਲ ਵਿੱਚ
ਮਜ਼ਬੂਤ ਚਟਾਨਾਂ ਦੀ
ਛਾਤੀ ਚੋਂ ਗੁਜ਼ਰਦੀ ਹੈ –
ਤੇ
ਲੰਘੇ ਰਾਹੇ
ਹਿਰਨ ਦੇ ਸਾਥ ਤੁਰਦੀ ਹੈ –
ਤੂੰ ਵੀ,
ਆਪਣੀ ਕੌਮ ਦੇ
ਰਾਹਾਂ ਤੇ ਤੁਰੀਂ !
ਇਹ ਰਾਹ
ਪਥਰੀਲੇ ਤੇ ਡੂੰਘੇਰੇ ਹਨ,
ਭੋਲੇ ਲੋਕ
ਤੇ ਸਰੀਰੀ ਹਨ !
ਤੇਰੇ ਕੋਲ
ਬਹੁਤ ਥੋੜਾ ਹੈ !
ਪਰ ਜ਼ਿੰਦਗਾਨੀ ਦਾ ਥੋੜਾ ਵੀ,
ਬਹੁਤ ਹੁੰਦਾ ਹੈ !
ਜ਼ਿੰਦਗਾਨੀ ਦਾ ਬਹੁਤਾ ਵੀ
ਕੁਝ ਨਹੀਂ ਹੁੰਦਾ !
... ... ... ...

ਕੁਝ ਵਰਸ਼ਾਂ 'ਚ
ਜਿਤਨ ਦੇ,
ਥੀਕ ਹੁੰਦੇ ਹਨ
ਅਰਾਮ,
ਧਰਤੀ 'ਤੇ
ਨਵੇਂ ਰੰਗ
ਭਰਦਾ ਹੈ !

ਮੀਂਹ ਤੋਂ ਬਾਅਦ,
ਘਾਹ,
ਤਰਲਤਾ ਤੋਂ ਵਾਂਝਾ ਹੋ ਜਾਂਦਾ ਹੈ !

ਧੁੰਦ –
ਰੁੱਖਾਂ ਤੋਂ ਉੱਠ ਚਲੇਂਦੀ ਹੈ !
ਨਵੀਂ ਰੌਸ਼ਨੀ ਉਗਮਦੀ ਹੈ !!
... ... ...

ਜੇ ਤੈਨੂੰ,
ਚਿੱਟੀ ਚਮੜੀ ਦੀ ਰੰਗਤ
ਚੰਗੀ ਲੱਗੀ –
ਤੇ ਤੂੰ,
ਉਸਦੇ ਰਾਹੀਂ ਤੁਰਿਆ –
ਉਹ ਰਾਹਾਂ ਤੇ,
ਤੂੰ,
ਅਜਨਬੀ ਹੋਵੇਂਗਾ !

ਕੁਝ ਚਿਰ ਲਈ,
ਤੂੰ,
ਕਸ਼ਮਕਸ਼ 'ਚ ਪਵੇਂਗਾ –
ਜੋ ਤੈਨੂੰ
ਪਰਤਾਂ ਵਾਂਗ ਉਧੇੜੇਗੀ !
ਤੂੰ;
ਇਸ ਪਾਗਲ ਪਰਤ ਤੇ
ਆਰਾਮ ਕਰੀਂ,
ਤੇ
ਜ਼ਿੰਦਗੀਆਂ ਰੂਹਾਂ ਲਈ, ਵੇਦਨਾ !

ਤੇਰੇ ਕੋਲ
ਰੂਪ ਦਾ ਦਿਲਾਸਾ ਹੈ
ਤੇ
ਪਰਖ ਵਾਲੀ ਅੱਖ ਹੈ !
... ... ...

ਜ਼ਿੰਦਗੀ ਨੂੰ –
ਮਹਿਫੂਜ਼ ਸਮਝੀਂ !
ਸਾਡੀ ਕੌਮ ਦਾ ਸਲੀਕਾ,
ਭੂਤ ਵੱਲ ਪਰਤ ਗਿਆ ਹੈ !

ਜਿਊਣਾ,
ਕੇਡਾ ਚੰਗਾ ਹੈ !
ਮਰਨਾ,
ਇਸ ਤੋਂ ਵੀ,
ਚੰਗੇਰਾ ਹੈ !
ਇਹ, ਜ਼ਰੂਰ ਹੋਵੇਗਾ !!!

o o o



# ਮਾਧਿਅਮ

ਸੁਖਿੰਦਰ

ਅਕਸਰ, ਇੰਞ ਹੀ ਹੁੰਦਾ ਹੈ
ਕਿ ਰੇਤਾਂ ਅਤੇ ਕੰਧਾਂ ਵਿਚਲੀ ਵਿੱਥ
ਸ਼ਬਦਾਂ ਦੀ ਰੂਹ ਨੂੰ ਖਾ ਹੀ ਜਾਏ
ਤੇ
ਪਿਛੇ
ਰਹਿ
ਜਾਏ
ਸਦੀਆਂ ਤੋਂ ਸਾਡੀ ਰੂਹ ਦਾ ਚੈਨ
ਚੁਰਾਈ ਬੈਠੇ
ਭਸਰੀਏ
ਖੁਰਦਰੇ
ਤੇ
ਕਕਰੂਠੇ ਬੋਲ

ਸਮੇਂ ਦੇ ਬੇਰਹਿਮ
ਪੰਜਿਆਂ ਵਿਚ ਫਸੇ
ਅਸੀਂ ਘੁਟ ਘੁਟ ਜੀਯਾਂਗੇ
ਸਾਡੇ ਰੇਤਾਂ ਅਤੇ ਕੰਧਾਂ ਦਰਮਿਆਨ
ਹਰੇ ਸਮੁੰਦਰ ਵਾਂਗ ਪੱਸਰੀ
ਵਿਰ
ਵਿੱਥ

ਹਰ ਮਨੁੱਖੀ ਰਿਸ਼ਤੇ ਨੂੰ
ਨਿਗਲੀ ਜਾ ਰਹੀ ਹੈ
ਅਸੀਂ ਆਪਣੇ ਹੀ
ਸ਼ਬਦਾਂ ਦੇ ਜਾਲ ਵਿਚ ਫਸ ਗਏ ਹਾਂ
ਅਸੀਂ ਜੋ ਕੁੱਝ ਬੋਲਦੇ ਹਾਂ
ਸਾਡੇ ਸ਼ਬਦ ਉਹ ਕੁੱਝ ਨਹੀਂ ਸਿਰਜਦੇ

ਆਪਣੇ ਹੀ ਬੋਲਾਂ ਸਦਕਾ
ਆਦਮੀ ਆਪਣੇ ਆਪ ਤੋਂ ਟੁੱਟ ਗਿਆ ਹੈ
ਆਦਮੀ ਆਦਮੀ ਤੋਂ ਟੁੱਟ ਗਿਆ ਹੈ
ਆਦਮੀ ਆਪਣੇ ਚੌਗਿਰਦੇ ਤੋਂ ਟੁੱਟ ਗਿਆ ਹੈ

ਅਸੀਂ ਜਿਸ ਦਿਨ ਨਵੇਂ
ਨਵੇਂ ਦਾਇਰਿਆਂ ਨਾਲ ਜਨਮਦੇ ਹਾਂ
ਸਾਡੇ ਸਪੂਤਨਿਕ, ਸਾਡੇ ਅਪਾਲੋ
ਚੰਨ ਅਤੇ ਮੰਗਲ ਦੀਆਂ ਦੂਰੀਆਂ
ਤਹਿ ਕਰ ਆਏ ਹਨ
ਸਾਡੇ ਸੈਟਾਲਾਈਟਾਂ ਨੇ ਮਹਾਂਦੀਪਾਂ ਨੂੰ
ਇਕ ਹਾਰ ਵਿਚ ਪਰੋ ਦਿੱਤਾ ਹੈ

ਪਰ ਜੋ ਅਜੇ ਵੀ
ਇਕ ਜ਼ਹਿਰੀ ਸਰਾਪ ਵਾਂਗ
ਸਾਡੇ ਸਾਹਵੇਂ ਖੜਾ ਹੈ
ਉਹ ਹੈ:

ਹਰ ਯੁੱਗ 'ਚ
ਉਚੇਰੇ ਸੀਗ ਹੋਵੇਗਾ ਦੀਆਰੋ

ਸਾਡੇ
ਰੇਤਾਂ
ਅਤੇ
ਕੰਧਾਂ
ਵਿਚਲੀ
ਕਦੀ ਵੀ
ਨਾ
ਮਿਟ ਸਕਣ
ਵਾਲੀ
ਵਿੱਥ

ਅਤੇ
ਇਸ ਕਸ਼ਮਕਸ਼ ਵਿਚ / ਕਤਲ ਹੋਵੇਗੀ।
ਸਾਡੇ ਹੀ ਰੂਹੀ। ਸਾਡੀ ਰੂਹ।

# ਯਾਦ

ਹਰੀ ਪਾਲ

ਅਜ ਕੈਸਟਾ ਦੀ ਧੁੰਨ ਵਿੱਚ ਰੱਖ ਕੇ ਰਹਿ ਗਈ
ਕੇ. ਐਲ. ਸਹਿਗਲ ਅਤੇ ਤਲਤ ਦੀ ਆਵਾਜ਼
ਸੱਕਤਾਂ ਅਤੇ ਵਿਸਕੀਆਂ ਦੇ ਦੌਰ ਵਿੱਚ
ਡੁੱਲ੍ਹ ਗਿਆ ਹੈ ਰੂਹੀ ਮਾਹਕਾ ਦਾ ਨਸ਼ਾ
ਐਕਸਪੋਰਟਾ, ਰਥਮੈਨ ਅਤੇ ਨੰਬਰ ਸੈਵਨ ਨੇ
ਰਹਿਣ ਨਹੀਂ ਦਿੱਤਾ ਯਾਦ
ਸਣ ਦੀਆਂ ਤੀਲੀਆਂ ਦੇ ਧੂੰਏਂ ਦਾ ਸੁਆਦ।

ਜੇਮਜ਼ ਹਾਡਲੀ ਚੇਜ਼ ਜਾਂ ਵਿੱਲ ਥੈਸੱਟ ਨੇ
ਥਾਂ ਲੈ ਲਈ ਹੈ ਨਾਨਕ ਜਾਂ ਕ੍ਰਿਸ਼ਨ ਚੰਦਰ ਦੀ
ਤੇ ਕਿਸੇ ਜੂਲੀ ਸੂਜ਼ੀ ਜਾਂ ਕੈਥੀ ਦੇ ਬਦਨ ਨੇ
ਭੁਲਾ ਦਿੱਤਾ ਹੈ ਪਰੀਤੋ ਹੁਰਾਂ ਦਾ ਸੰਗਦਾ ਚਿਹਰਾ
ਹਾਂ ਜੇ ਕਰ ਯਾਦ ਹੈ ਕੁਝ—
ਤਾਂ ਯਾਦ ਹੈ ਇੰਟਰੈਸਟ ਰੇਟ ਤੇ ਘਰਾਂ ਦੀ ਕਿਸ਼ਤ
ਟੈਲੀਫੂਨ ਦਾ ਬਿੱਲ
ਮੋਟਰਾਂ ਵਿੱਚ ਤੇਲ ਦਾ ਸੰਗਾਰ
ਸ਼ਿਫਟਾਂ ਦਾ ਬਦਲਣਾ
ਪੇ ਦਾ ਦਿਨ
ਅਤੇ
ਪੰਜ ਦਿਨਾਂ ਬਾਅਦ
ਸਰੀਰ ਦੀ ਥਕਾਵਟ
ਮਿੱਤਰਾਂ ਅਤੇ ਪਰਦਿਆਂ ਦੀ ਯਾਦ ਨੂੰ
ਦਾਰੂ ਦੇ ਸਮੁੰਦਰ ਵਿੱਚ ਡੁਬੋ ਦੇਣਾ

# ਭਟਕਣ

ਜਗਦੇਵ ਜਟਾਣਾਂ

ਧਨ ਦੌਲਤ ਦੀ ਬੇ-ਸ਼ੁਮਾਰ
ਅੰਤਾਂ ਦੀ ਹੈ ਸ਼ਾਨ ਮਹਿਆਦਾ
ਭਾਈਚਾਰੇ ਵਿੱਚ ਨਾਮ ਵੀ ਚਹਿਆ
ਰੱਜਵੀਂ ਖਾਣੀ ਉੱਚ ਕੋਟੀ ਦੀ
ਖਾਣਾ ਪਹਿਨਣਾ ਵੀ ਰੰਗੀਲਾ
ਫਿਰ ਵੀ ਅੰਦਰੋਂ ਕੁਝ ਟੁਟਿਆ ਲਗਦੈ।
ਹਰ ਵੇਲੇ ਦੀ ਭਟਕਣ,
ਮ੍ਰਿਗ ਤ੍ਰਿਸ਼ਨਾ ਸੰਗ ਦਰ ਦਰ ਫਿਰਦਾ।
ਇਲਾਜ!
ਬੜੇ ਕੀਤੇ ਨੇ
ਦਾਨ ਪੁੰਨ ਦਾ ਅੰਤ ਨਾ ਕੋਈ
ਦੂਸਰਿਆਂ ਤੋਂ ਵੱਧ ਚੰਦਾ ਦੇ ਕੇ
ਕੀਤੀ ਸ਼ੁਹਰਤ ਕਮਾਈ।
ਮਾਲਾ ਵੀ ਬੜੀ ਘੁੰਮਾਈ।
ਹੱਥ ਜੋੜ ਅਰਦਾਸ ਜੋ ਕੀਤੀ
ਮੁੱਲ ਖਰੀਦੇ ਪਾਠ ਦੇ ਪਿਛੋਂ,
ਉਹ ਵੀ ਮੈਨੂੰ ਰਾਸ ਨਾ ਆਈ।
ਮਨ ਨੇ ਨਾ ਸੰਤੁਸ਼ਟੀ ਪਾਈ।

# ਰੋਟੀ ਦਾ ਟੁੱਕ

ਗੁਰਮੀਤ ਪਨਾਗੀ

ਅੰਤਾਂ ਦਾ ਰੂਪ ਸੀ, ਤੇਜਿਆਂ ਦਾ ਆਤੂ ਸਾਰੀ ਦਿਹਾੜੀ ਦਾ ਥੱਕਾ ਟੁੱਟਾ, ਜੱਟਾਂ ਦੇ ਖੇਤਾਂ ਕਰੇਸ਼ਾਂ ਦੀਆਂ ਸਾਰਾਂ ਖਾਂਦਾ, ਖਿਝਿਆ ਖਿਝਿਆ, ਅਜਾਈਂ ਔਖੀ ਤੇ ਇੰਜ ਆ ਡਿੱਗਿਆ ਜਿਵੇਂ ਉਹ ਮੁੜ ਉੱਠ ਹੀ ਨਾ ਸਕਦਾ ਹੋਵੇ।

ਸੱਠਾਂ ਸਾਲਾਂ ਨੂੰ ਪਹੁੰਚਿਆ, ਸੱਤਾਂ ਪੁੱਤਾਂ ਦਾ ਪਿਉ ਆਤੂ, ਆਪਣੇ ਪੁੱਤਾਂ ਨੂੰ ਵਿਆਹ ਕਰ ਕੇ ਵੱਖਰਾ ਹੋ ਚੁੱਕਾ ਸੀ। ਪੁੱਤਾਂ, ਜਿਨ੍ਹਾਂ ਨੂੰ ਵਿਆਹੁਣ ਕਰਨ ਲਈ ਉਸ ਸ਼ਾਹਾਂ ਅੱਗੇ ਨੱਕ ਰਗੜਿਆ ਸੀ, ਧੀਆਂ ਦੇ ਗਹਿਣੇ ਵੇਚੇ ਸਨ, ਆਪਣੇ ਸਾਕਾਂ ਦੇ ਹਾੜੇ ਪਾਏ ਸਨ, ਮੂੰਹੋਂ ਅੰਨ ਕੱਢ ਕੱਢ ਕੇ ਉਹਨਾਂ ਦੇ ਮੂੰਹੀਂ ਪਾਇਆ ਸੀ ਤੇ ਆਪ ਬੁਢਾਪੇ 'ਚ ਹੱਥ ਰੁਜ਼ਗਾਰ ਲਈ, ਰੋਟੀ ਤੋਂ ਮੁਹਤਾਜ ਹੋ ਬੈਠਾ ਸੀ।

ਅੱਜ ਆਤੂ ਨੂੰ ਖਿਆਲ ਜਿਹਾ ਆ ਗਿਆ ਕਿ ਉਹ ਸੱਤਾਂ ਪੁੱਤਾਂ ਦਾ ਪਿਉ ਹੈ। ਫਿਰ ਵੀ ਰੋਗ ਦੀ ਰੋਗ ਰੋਟੀ ਤੋਂ ਵੀ ਆਤੁਰ ਹੈ। ਉਹਦੇ ਨਾਲੋਂ ਤਾਂ ਅੰਨਾ ਭਾਨਾ ਹੀ ਚੰਗਾ, ਜਿਹੜਾ ਸਾਰੀ ਉਮਰ ਛੜਾ ਛਾਂਟ ਰਿਹਾ ਤੇ ਹੁਣ ਸਰਕਾਰ ਤੋਂ 50 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਲੈ ਰਿਹਾ ਹੈ। ਹਾੜ੍ਹ ਜਾਂਦੇ ਸੌਣ, ਉਹਨੂੰ ਹਰ ਮਹੀਨੇ ਸਰਕਾਰੋਂ ਡਾਕਖਾਨੇ ਰਾਹੀਂ ਮਨੀਆਰਡਰ ਆ ਜਾਂਦੈ ਅਤੇ ਇਕ ਉਹ ਸੀ ਕਿ ਉਹਨੂੰ ਰੋਟੀ ਦੇ ਦੋ ਟੁੱਕਾਂ ਲਈ ਸਾਰਾ ਸਾਰਾ ਦਿਹਾੜ ਪਾਣੀ ਦੇ ਪਸ਼ੂਆਂ ਦਾ ਪੱਠਾ ਦੱਥਾ ਕਰਨਾ ਪੈਂਦਾ ਤੇ ਫਿਰ ਵੀ ਜਿਹੜਾ ਉਹ ਰੋਟੀ ਰੱਜ ਨਾਲ ਦੇਂਦੇ ਆ। ਕੀ ਆਖਿਆ ਤਾਂ ਚਾਰ ਚੌਕੇ ਗੰਢੇ ਅਚਾਰ ਨਾਲ ਹੱਥ ਧਰ ਤੇ ਜਾਂ ਦੋ ਮੰਨੀਆਂ ਸਾਗ ਦਾ ਥੋਥਾ ਜਾਂ ਗੁੜ ਦੀ ਡਲੀ ਉੱਤੇ ਧਰ ਕੇ ਅੱਗੇ ਸਾਰ ਘੱਤੀਆਂ। ਇਹੋ ਜਿਹੇ ਜਿਉਣ ਨਾਲੋਂ ਤੇ ਮਰ ਜਾਣਾ ਹੀ ਚੰਗੈ।

ਉਹਨੂੰ ਯਾਦ ਆਇਆ ਜਿਵੇਂ ਉਹ ਵੀ ਪਿੰਡ ਦੇ ਪੰਚਾਂ ਤੇ ਸਰਕਾਰੀ ਅਫ਼ਸਰਾਂ ਅੱਗੇ ਲਿਲ੍ਹਕੜਿਆਂ ਵਾਂਗੀ ਪੈਨਸ਼ਨ ਲੈਣ ਲਈ ਦਰਖ਼ਾਸਤੀ ਹੋਇਆ ਸੀ ਤਾਂ ਕਿ ਉਹਨੂੰ ਵੀ ਪੈਨਸ਼ਨ ਲੱਗ ਜਾਵੇ। ਅਮਰੂ ਪੰਚ ਵੀ ਪਿੰਡ ਦੇ ਪਤਵੰਤਿਆਂ ਦੇ ਆਖੇ-ਲੱਗ, ਤਾਇਆ! "ਐਥੇ ਕੀ ਲੋੜਾਂ ਖੁੰਢੋਂ ਕੀ ਬੁਢਿਆ ਸੀ ਤੇਰਾ, ਕੰਮ ਕੰਮ ਧਰ ਤੇ, ਪਾਲੂ-ਪੋਸੇ, ਵਿਆਹੇ-ਵਰ੍ਹੇ, ਤੇ ਆਪੋ-ਆਪਣਾ ਰੋਗ ਸਾਰ ਤੈਨੂੰ ਪੱਕਾ ਦੇ ਗੇ।" ਉਹ ਹਾਲੀ ਤੱਕ ਨਹੀਂ ਭੁੱਲ ਸਕਿਆ। ਉਹਨੂੰ ਲੱਗਿਆ ਸੀ ਕਿ ਅਮਰੂ ਪੰਚ ਨੇ ਉਹਦੀ ਰਹਿੰਦੀ ਖੂਹੰਦੀ ਦੀ ਮਿੱਟੀ ਵੀ ਰੋਲ ਦਿੱਤੀ ਹੈ। ਲੱਖ ਤਰਲੇ ਮਿੰਨਤਾਂ ਕਰਨ ਤੇ ਵੀ ਉਹਦੀ ਸਰਕਾਰੀ ਅਫ਼ਸਰ ਨੇ ਅਰਜ਼ੀ ਨਹੀਂ ਸੀ ਲਈ। ਅੱਗ ਲਾਂਦੀ ਵੀ ਉਹਨੂੰ ਪਿੰਡ ਦੇ ਪੰਚਾਂ ਉੱਤੇ ਇਹੀ ਗਿਲਾ ਸੀ ਕਿ ਉਹਨਾਂ ਜਾਣਦਿਆਂ ਬੁੱਝਦਿਆਂ ਨੇ ਵੀ, ਕਿ ਉਹ ਰੋਟੀ ਤੋਂ ਭੁੱਖਾ ਮਰਦੈ, ਉਹਦੀ ਕੋਈ ਮੱਦਦ ਨਹੀਂ ਸੀ ਕੀਤੀ।

ਮਨ ਦੀਆਂ ਉਲਝਣਾਂ ਗੁੰਝਲਾਂ 'ਚ ਉਹਨੂੰ ਰੋਣੇ ਦੀ ਯਾਦ ਆ ਗਈ ਤੇ ਉਹ ਹੋਕਾ ਭਰਕੇ ਹੀ ਰਹਿ ਗਿਆ। ਭੁਲਣੀਏ! ਚੰਗਾ ਹੁੰਦਾ ਜੇ ਤੂੰ ਨਾਂ ਮਰਦੀ, ਚਲ ਹੋਊ, ਦੋਵੇਂ ਰੁੱਖੇ ਹੱਥ ਸੇਕ ਰਗੜਾਉਂਦੇ ਰਹਿੰਦੇ ਔਖੇ ਸੌਖੇ, ਇਕ ਦੂਜੇ ਦਾ ਆਸਰਾ ਤਾਂ ਰਹਿੰਦੈ ਧੀਏ ਨੂੰ! ਤੈਨੂੰ ਨਰਕਾਂ-ਸੁਰਗਾਂ 'ਚ ਪੱਕੀ ਨੂੰ (ਗਈ ਤਾਂ ਤੂੰ ਸੁਰਗਾਂ 'ਚ ਹੀ ਹੋਊ, ਮੈਨੂੰ ਪੱਕਾ ਯਕੀਨ ਆ, ਕਿੱਡੀ ਚੰਗੀ ਸੀ ਤੂੰ) ਕੀ ਪਤਾ ਸੀ ਕਿ ਮੇਰੇ ਨਾਲ ਦਿਨ ਦਿਹਾੜੇ ਕੀ ਭਾਣਾ ਵਰਤਦਾ? ਕਾਹ ਜਾਂਦੀਏ, ਜੇ ਤੂੰ ਸਾਰੀ ਉਮਰ ਸਾਥ ਨਹੀਂ ਸੀ ਨਿਭਾਉਣਾ ਤਾਂ ਲੜ ਹੀ ਕਿਉਂ ਲੱਗੀ ਸੀ' ਅਤੇ ਬੁਢੜੀ ਦੀਆਂ ਹੋਰ ਕਈ ਗੱਲਾਂ ਯਾਦ ਕਰਕੇ ਉਹਦੀਆਂ ਪਲਕਾਂ ਭਿੱਜ ਗਈਆਂ।

ਦਿੱਤਰ ਚੰਗੀ ਜਿਹੀ ਹੋ ਗਈ ਸੀ। ਪੱਛੋਂ ਵੱਲੋਂ ਹਵਾ ਦਾ ਬੁੱਲ੍ਹਾ ਆ ਗਿਆ ਤੇ ਉਹਦਾ ਮਨ ਕੁਝ ਸ਼ਾਂਤ ਹੋ ਗਿਆ। ਉਂਜ ਵੀ ਅੱਖਾਂ 'ਚੋਂ ਅਥਰੂ ਵਗਣ ਨਾਲ ਉਹਦਾ ਮਨ ਹੌਲਾ ਹੋ ਗਿਆ ਸੀ। ਉਹ ਹਿੰਮਤ ਕਰਕੇ ਉਠਿਆ, ਘੜੀ ਚੋਂ ਕੂਨੇ ਨਾਲ ਪਾਣੀ ਭਰਿਆ ਤੇ ਪੀਣ ਲੱਗਾ। ਕੋਸੇ ਖਾਰੇ ਪਾਣੀ ਦਾ ਸੁਆਦ ਚੱਖ ਕੇ ਉਹਨੂੰ ਇੰਜ ਲੱਗਾ ਜਿਵੇਂ ਜ਼ਹਿਰ ਦਾ ਘੁੱਟ ਉਸ ਸੰਘੋਂ ਥੱਲੇ ਕੀਤਾ ਹੋਵੇ। ਭੁੱਖੇ ਢਿੱਡ ਉਹਦੇ ਅੰਦਰ ਇਹ ਪਾਣੀ ਦਾ ਘੁੱਟ ਤੀਰ ਵਾਂਗਰ ਲੱਗਾ। ਉਹਨਾ ਕੀ ਕੀਤਾ ਜੇ ਕਿਤੇ ਨਸ਼ੇ ਦੀ ਇੱਕ ਉਹਨੂੰ ਕਿਤੋਂ ਖਿਆ ਕੇ। ਸੋਚਦਿਆਂ ਹੀ ਅੰਨ੍ਹੇ ਭਾਨੇ ਦੀ ਆਖੀ ਗੱਲ ਉਹਨੂੰ ਯਾਦ ਆਈ 50 ਰੁਪਏ ਥੋੜ੍ਹੇ ਮੇਰੇ ਕੱਲੇ ਲਈ, ਚੰਗਾ ਰੋਗ ਟੱਪ ਜਾਂਦੈ, ਪਊਆ ਲੈ ਆਈਦਾ ਆ ਹਫ਼ਤੇ ਪੰਦਰੀ, ਇੱਕ ਲਾ ਲਈਦਾ ਐ ਆਥਣੀ, ਚੰਗੀ ਰਾਤ ਲੰਘ ਜਾਂਦੀ ਆ।" ਤੇ ਉਹਨੂੰ ਅੰਨ੍ਹੇ ਭਾਨੇ ਨਾਲ ਅੱਗ ਪਹਿਲੀ ਵਾਰੀ ਈਰਖਾ ਜਾਗੀ। ਉਹਦੇ ਆਪਣੇ ਕੋਲ ਖੋਟੀ ਕੌਡੀ ਵੀ ਨਹੀਂ।

ਉਹ ਔਖੇ ਸਾਹ ਲੈਂਦਾ, ਗੋਡਿਆਂ ਤੇ ਹੱਥ ਰੱਖ, ਨਾ ਛਾਹੁੰਦਿਆਂ ਹੋਇਆ ਵੀ ਉਠਿਆ ਅਤੇ ਮੁੰਡਿਆਂ ਦੇ ਘਰ ਵੱਲ ਹੋ ਤੁਰਿਆ। ਚਲ ਹੋਊ ਦੋ ਪਲ ਪਹਿਲਾਂ ਜਾ ਵੜਿਆ, ਧਰੂ ਰੋਟੀ ਪਕਾਉਂਦੀ ਹੋਈ ਤਾਂ ਤੱਤੀ ਤੱਤੀ ਖਾ ਲਊਂ, ਸੁੱਕੀਆਂ ਮੰਨੀਆਂ ਖਾ ਖਾ ਕੇ ਜਿੱਡ ਢਿੱਡ ਵੀ ਦੁਖਦਾ ਰਹਿੰਦੈ। ਉਸ ਸੋਚਿਆ।

ਗਲੇ ਜਾਂਦਿਆਂ ਪਰ੍ਹਸੀਂ ਸਰਾਸਰ ਮਿਲ ਪਈ। ਹੁਣ ਤਾਂ ਇਹਦੇ ਵੀ ਦਾਣੇ ਵਿੱਕ ਗਏ ਧਈ। ਜਿਵੇਂ ਸਾਰੇ ਪਿੰਡ ਨੂੰ [illegible] ਫਿਰਦੀ ਸੀ, ਹੱਥ ਈ ਸਾਹਣੇ ਤੇ ਖਿਲਾਂ [illegible]ਦਿਆਂ ਹੀ ਉਹਦੇ ਕੋਲੋਂ ਲੰਘ ਗਿਆ।

ਪਰ 'ਚ ਤੁਰੇ ਆਉਂਦੇ ਵੱਡੇ ਸਰਦਾਰਾਂ ਦੇ ਪਾਲੀ ਕਿਸ਼ਨੇ ਨੂੰ ਮੈਨਤ ਨਾਲ 'ਸਾਸਰੀ' ਆਖ ਉਹਦੀ ਤੇ ਉਹਦੇ ਸਰੀਰ ਦੀ ਸੁੱਖ ਸਾਂਦ ਪੁੱਛਦਾ, ਤਰੀ ਧੂਲੇ ਦੀਆਂ ਗੱਲਾਂ ਕਰਦਾ, ਉਹ ਅਗਲਾ ਮੋੜ ਮੁੜ, ਮੱਝੀਆਂ ਦੇ ਬੂਹੇ ਅੱਗੇ ਆ ਖਲੋਇਆ।

ਮੱਝੀਆਂ ਦਾ ਵੱਗ ਕਾਲੂ ਪੂਛ ਮਾਰਦਾ ਉਹਦੇ ਪੈਰਾਂ ਨੂੰ ਆ ਲਿੰਬੜਿਆਂ, ਉਹ ਉਹਨੂੰ ਪੁਚਕਾਰਦਾ, ਸਾਰ ਕਰਦਾ, ਖੰਘਦਾ ਖੰਘਦਾ ਘਰ ਦੀ ਦਹਿਲੀਜ਼ ਲੰਘ ਗਿਆ। ਦਿਹਦੇ ਦਰਵਾਜ਼ਿਆਂ ਉਹ ਸਾਫ਼ ਖੁੱਲ੍ਹ ਕੇ ਖੰਘਿਆ ਕਰਦਾ ਸੀ ਤਾਂ ਕਿ ਬਹੂ ਪੱਲਾ ਕਰ ਲਏ, ਉਸ ਅਗਾਂਹ ਤੋਂ ਵੇਖਿਆ, ਪਾਲੀ ਦੀ ਬਹੂ ਮੁੜ੍ਹਕੋ ਮੁੜ੍ਹਕੀ ਹੋਈ, ਲੋਹ ਤੇ ਰੋਟੀਆਂ ਲਾਹ ਰਹੀ ਸੀ ਅਤੇ ਕੋਲ ਬੈਠੇ ਨਿਆਣੇ ਗੁਥਮ ਗੁੱਥਾ ਹੋ ਰਹੇ ਸੀ। ਇਹ ਸੋਚਦੇ ਕਿ ਉਹਨੂੰ ਰੋਟੀ ਲੈ ਛੇਤੀ ਘਰੋਂ ਚਲੇ ਜਾਣਾ ਚਾਹੀਦਾ, ਉਹ ਮੁੜ ਖੰਘਾਰ ਕੇ ਬੋਲਿਆ :-

"ਬਹੂ, ਰੋਟੀ ਪੱਕ ਗਈ ਪੁੱਤ, ਤੇ ਦੀਵੇ ਦੀ ਮੱਠੀ ਮੱਠੀ ਲੋਏ ਉਸ ਵੇਖਿਆ, ਬਹੂ ਪੱਲਾ ਕੀਤੇ ਬਿਨਾਂ ਹੀ ਮੱਥੇ ਤੇ ਤਿਊੜੀਆਂ ਪਾਈ, ਮੂੰਹ ਮੋੜ ਪਰ੍ਹੇ ਨੂੰ ਰੋਟੀਆਂ ਪਕਾਉਂਦੀ ਰਹੀ।

"ਪੁੱਤ ਮੈਂ ਕਿਹਾ, ਅੱਜ ਤੱਤੀ ਸਿਕਰੂ, ਤਬੀਤ ਨਹੀਂ ਸੀ ਠੀਕ, ਤਾਂ ਹੀ ਸਾਂਝਰੇ ਆ ਗਿਆ" ਗੱਲ ਉਹਦੇ ਮੂੰਹ 'ਚ ਹੀ ਸੀ ਕਿ ਸਤੋਜ ਨੂੰ ਤਾਂ ਭੂਸਸ ਲੈਣ ਦੇ, ਇਹੋ ਆਪਣਾ ਸਿਆਪਾ ਖੜ੍ਹਾ ਕਰਨਾ, ਵੱਡਾ ਲੋਕਾ ਆਰਾਮ ਕਰਦੈ, ਤੂੰ ਤਾਂ ਜਿਵੇਂ ਹੀ ਕੜ੍ਹਿਆ ਆਉਨੈਂ।" ਬੋਲ ਉਹਦੇ ਆਰ ਪਾਰ ਵੱਜੇ। ਪਲ ਦੀ ਪਲ ਤਾਂ ਉਹ ਥਾਂਏ ਖਲੋਤਾ ਰਹਿ ਗਿਆ।

ਕਾਲੂ ਉਹਦੀਆਂ ਲੱਤਾਂ ਦੁਆਲੇ ਘੁੰਮਦਾ ਰਿਹਾ। ਉਸਨੇ ਮਹਿਸੂਸ ਕੀਤਾ ਕਿ ਕਾਲੂ ਉਸ ਤੋਂ ਆਪਣਾ ਹਿੱਸਾ ਮੰਗ ਰਿਹਾ ਹੈ, ਵਿਹਾਰੀ ਦੀ ਇਕ ਬੁਰਕੀ। ਅਤੇ ਉਹ ਵੀ ਮੱਝੀਆਂ ਦੀ ਬਹੂ ਤੋਂ ਕਾਲੂ ਵਾਂਗਰ ਰੋਟੀ ਦਾ ਟੁੱਕ ਮੰਗ ਰਿਹਾ ਹੈ ਤਾਂ ਫਿਰ ਮੇਰਾ ਤੇ ਕਾਲੂ ਦਾ ਫ਼ਰਕ ਹੀ ਕੀ ਹੈ?

ਇਹ ਸੋਚਦੇ ਉਹਦੇ ਮਨ 'ਚ ਸਾਰੀ ਦੁਨੀਆਂ ਲਈ ਰੋਸ ਜਾਗਿਆ। ਬਹੁਤਾ ਰੋਸ ਮੱਝੀਆਂ ਦੀ ਬਹੂ ਨਾਲ ਸੀ, ਜਿਸ ਉਹਨੂੰ ਕੁੱਤੇ ਵਾਂਗਰ ਦੁਰਕਾਰ ਦਿੱਤਾ ਸੀ। ਉਹ ਜੀ ਤਾਂ ਕੀਤਾ ਉਹ ਪਾਲੀ ਦੀ ਬਹੂ ਦਾ ਗਲ ਘੁੱਟ ਸੁੱਟੇ, ਉਹਨੂੰ ਮਾਰ ਦੇਵੇ ਜਾਂ ਉਹਦੇ ਘਰ ਨੂੰ ਅੱਗ ਲਾ ਦੇਵੇ, ਪਰ ਅਚਾਨਕ ਹੀ ਇਹ ਆਖ, " ਜੀਣਾ ਪੁੱਤ ਮੇਰਾ ਹਿੱਸਾ ਅੱਜ ਕਾਲੂ ਨੂੰ ਹੀ ਪਾ ਦੇਈਂ।" ਆਪਣਾ ਕੁਣਾ ਕੱਛੇ ਮਾਰ, ਸਿਰ ਨੂੰ ਬੇ-ਪਰਵਾਹੀ ਨਾਲ ਝਟਕਦਿਆਂ, ਉਹ ਜਾਣੀ ਤੇਜ਼ੀ ਨਾਲ ਮੱਝੀਆਂ ਦੇ ਘਰੋਂ ਨੱਸ ਤੁਰਿਆ ਜਿਵੇਂ ਪਾਲੀ ਦੀ ਬਹੂ ਨੇ ਉਹਨੂੰ ਉਥੇ ਹੀ ਬੰਨ੍ਹ ਲੈਣਾ ਹੋਵੇ।

o o o

---


# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR** (at 51st. Ave)

**VANCOUVER, B.C.**

TEL: 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

*Enquire about Added Autoplan Protection Benefits from us:*
- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

*Income Tax Services also available*

# ਦੂਰੋਂ ਨੇੜਿਓਂ

ਅਸੀਂ ਇਸ ਅੰਕ ਤੋਂ ਵਤਨੋਂ ਦੂਰ ਵਿੱਚ ਨਵਾਂ ਕਾਲਮ 'ਦੂਰੋਂ ਨੇੜਿਓਂ' ਸ਼ੁਰੂ ਕਰ ਰਹੇ ਹਾਂ। ਜਿਸ ਵਿੱਚ ਦੂਰ ਨੇੜੇ ਵਾਪਰ ਰਹੀਆਂ ਘਟਨਾਵਾਂ ਜਿਹੜੀਆਂ ਸਿਰਫ਼ ਖ਼ਬਰਾਂ ਹੀ ਨਹੀਂ ਹੁੰਦੀਆਂ, ਪੇਸ਼ ਕੀਤਾ ਕਰਾਂਗੇ। ਅਸੀਂ ਹਰ ਲੇਖਕ ਪਾਠਕ ਨੂੰ ਸੱਦਾ ਦਿੰਦੇ ਹਾਂ ਕਿ ਜਿਨ੍ਹਾਂ ਘਟਨਾਵਾਂ ਬਾਰੇ ਉਹ ਅਜਿਹਾ ਮਹਿਸੂਸ ਕਰਨ, ਸਾਨੂੰ ਲਿਖ ਭੇਜਣ। ਇਸ ਦੇ ਨਾਲ ਹੀ ਇਸ ਕਾਲਮ ਬਾਰੇ ਆਪਣੇ ਸੁਝਾਵਾਂ ਦਾ ਅਸੀਂ ਸਤਿਕਾਰ ਕਰਾਂਗੇ।

ਸੰਪਾਦਕ

○ ○

ਤਿੰਨ ਜਨਵਰੀ ਨੂੰ ਲੈਂਗਲੇ ਵਿਖੇ ਇਕ ਭਾਰਤੀ ਦੇ ਘਰ ਨੂੰ ਅੱਗ ਲਾ ਦਿੱਤੀ ਗਈ।

੨੨ ਜਨਵਰੀ ਨੂੰ ਵਿਕਟੋਰੀਆ ਸ਼ਹਿਰ ਦੇ ਸਾਹਮਣੇ ਇਕ ਭਾਰਤੀ ਅਤੇ ਉਸਦੀ ਦੋਸਤ ਕੁੜੀ (ਜਿਹੜੇ ਕਾਰ ਵਿੱਚ ਬੈਠੇ ਸਨ) ਉੱਪਰ ਗੋਰਿਆਂ ਦੇ ਇਕ ਗਰੁੱਪ ਨੇ ਹਮਲਾ ਕਰ ਦਿੱਤਾ।

ਫਰਵਰੀ ੧੨ ਨੂੰ ਲੈਂਗਲੇ ਵਿਖੇ ਇਕ ਹੋਰ ਭਾਰਤੀ ਦੇ ਘਰ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ।

ਇਹ ਸਿਰਫ਼ ਉਹ ਹੀ ਘਟਨਾਵਾਂ ਹਨ ਜਿਹੜੀਆਂ ਬਾਰੇ ਸਾਰੇ ਲੋਕਾਂ ਨੂੰ ਪਤਾ ਹੈ। ਇਸ ਤਰ੍ਹਾਂ ਦੀਆਂ ਕਈ ਹੋਰ ਘਟਨਾਵਾਂ ਇਕੱਲੇ ਇਕੱਲੇ ਲੋਕਾਂ ਨਾਲ ਵਾਪਰਦੀਆਂ ਹੋਣਗੀਆਂ ਜਿਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਨਹੀਂ।

ਇਹਨਾਂ ਘਟਨਾਵਾਂ ਕਾਰਨ ਭਾਰਤੀ ਕਮਿਊਨਿਟੀ ਦੇ ਆਮ ਲੋਕਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਪ੍ਰਤੀਕਰਮ ਵੇਖਣ ਵਿੱਚ ਆਏ ਹਨ।

ਕੁਝ ਲੋਕ ਇਹਨਾਂ ਘਟਨਾਵਾਂ ਨੂੰ ਅਣਗੌਲਿਆਂ ਕਰ, ਨਸਲਵਾਦ ਨੂੰ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਲੋਕਾਂ ਲਈ ਇਕ ਸਵਾਲ - ਕੀ ਕਬੂਤਰ ਦੇ ਅੱਖਾਂ ਮੀਟਿਆਂ ਬਿੱਲੀ ਦੀ ਹੋਂਦ ਮਿਟ ਜਾਂਦੀ ਹੈ?

ਕੁਝ ਲੋਕ ਇਨ੍ਹਾਂ ਘਟਨਾਵਾਂ ਕਾਰਨ ਬਹੁਤ ਡਰ ਗਏ ਹਨ। ਉਹ ਦੁਬਕੇ ਦੁਬਕੇ ਜੀਂਦੇ ਹਨ ਅਤੇ ਕਿਸੇ ਗੈਬੀ ਤਾਕਤ ਦੀ ਉਡੀਕ ਵਿੱਚ ਹਨ ਕਿ ਉਹ ਸਭ ਕੁਝ ਦੂਰ ਕਰ ਦੇਵੇ। ਪਰ ਇਤਿਹਾਸ ਗਵਾਹ ਹੈ - ਅਜਿਹੇ ਕਿਸੇ ਵੀ ਜ਼ੁਲਮ ਦਾ ਮੁਕਾਬਲਾ ਲੋਕਾਂ ਨੇ ਕੀਤਾ ਹੈ ਕਿਸੇ ਗੈਬੀ ਤਾਕਤ ਨੇ ਨਹੀਂ।

ਬਹੁਤ ਲੋਕ ਗੁੱਸੇ ਵਿੱਚ ਹਨ। ਉਹ ਇਸ ਫਾਸ਼ੀ ਅਤੇ ਨਸਲਵਾਦੀ ਲਹਿਰ ਦਾ ਮੁਕਾਬਲਾ ਡੱਟ ਕੇ ਕਰਨਾ ਚਾਹੁੰਦੇ ਹਨ ਅਤੇ ਆਪਣੀ ਅਗਵਾਈ ਲਈ ਕਮਿਊਨਿਟੀ ਦੀਆਂ ਅਗਾਂਹਵਧੂ ਜਥੇਬੰਦੀਆਂ ਵੱਲ ਵੇਖ ਰਹੇ ਹਨ।

ਪਰ ਸਾਰੀਆਂ ਜਥੇਬੰਦੀਆਂ ਇਕ ਹੀ ਦੁਸ਼ਮਣ ਦੇ ਖਿਲਾਫ਼ ਲੜਦੀਆਂ ਹੋਈਆਂ ਵੀ ਕੋਈ ਸਾਂਝ ਨਹੀਂ ਪੈਦਾ ਕਰ ਸਕੀਆਂ। ਵਿਚਾਰਾਂ 'ਚ ਮੱਤ ਭੇਦ ਹੋਣਾ ਕੁਦਰਤੀ ਹੈ ਇਸ ਲਈ ਇਹਨਾਂ ਜਥੇਬੰਦੀਆਂ ਵਿੱਚ ਏਕਤਾ ਦਾ ਹੋਣਾ ਮੁਸ਼ਕਿਲ ਅਤੇ ਗੈਰਕੁਦਰਤੀ ਹੈ। ਪਰ ਜੇ ਇਹ ਜਥੇਬੰਦੀਆਂ ਕੋਈ ਸਾਂਝਾ ਫਰੰਟ ਨਹੀਂ ਬਣਾ ਸਕਦੀਆਂ ਤਾਂ ਘੱਟੋ-ਘੱਟ ਇਹ ਤਾਂ ਕਰ ਸਕਦੀਆਂ ਹਨ ਕਿ ਉਹ ਇਕ ਦੂਸਰੇ ਵਿਰੁੱਧ ਲੜਾਈ ਨਾ ਲੜਨ। ਜੇ ਇਸ ਤਰ੍ਹਾਂ ਹੋ ਜਾਵੇ ਤਾਂ ਜਿਥੇ ਲੋਕਾਂ ਦਾ ਇਹਨਾਂ ਜਥੇਬੰਦੀਆਂ ਵਿੱਚ ਯਕੀਨ ਵੱਧੇਗਾ ਉਥੇ ਇਹ ਜਥੇਬੰਦੀਆਂ ਕਮਿਊਨਿਟੀ ਲਈ ਕਾਫ਼ੀ ਕੁਝ ਕਰ ਸਕਣ-ਗੀਆਂ

○ ○

ਸਕੁਆਮਿਸ਼ ਤੋਂ ਨਿਕਲਦੇ ਇੱਕ HOWE SOUND & DISTRICT ADVERTISER ਨਾਂ ਦੇ ਅਖਬਾਰ ਨੇ 30 ਸਤੰਬਰ ਦੇ ਅੰਕ ਵਿੱਚ ਭਾਰਤੀ ਲੋਕਾਂ ਪ੍ਰਤੀ ਨਸਲਵਾਦ ਦੇ ਨਾਗ ਨੂੰ ਫਿਰ ਸਿਰ ਚੁੱਕਣ ਲਈ ਪ੍ਰੇਰਿਆ। ਉਸ ਨੇ ਕਿਹਾ, ਇਹ (ਭਾਰਤੀ) ਸਾਡੇ ਕੈਨੇਡੀਅਨਾਂ ਪਾਸੋਂ ਨੌਕਰੀਆਂ ਖੋਹ ਰਹੇ ਹਨ। ਇਹ ਇਕੱਠੇ ਰਹਿੰਦੇ ਹਨ ਅਤੇ ਕਦੇ ਵੀ ਪੱਛਮੀ ਸਭਿਅਤਾ ਅਖ਼ਤਿਆਰ ਕਰਨ ਨੂੰ ਤਿਆਰ ਨਹੀਂ ਹੁੰਦੇ। ਇਹ ਸਾਡੀ ਸੁਸਾਇਟੀ ਦੇ ਵਿੱਚ ਰਹਿਣ ਦੇ ਬਿਲਕੁਲ ਯੋਗ ਨਹੀਂ ਹਨ।

ਉਸਨੇ ਅੱਗੇ ਚੱਲ ਕੇ ਇਹ ਵੀ ਕਿਹਾ ਕਿ ਇਹਨਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਹਮੇਸ਼ਾਂ ਤੰਗ ਕੀਤਾ ਜਾਂਦਾ ਹੈ ਕਿਉਂਕਿ ਇਹਨਾਂ ਦਾ ਰਹਿਣ-ਸਹਿਣ ਤੇ ਪੁਸ਼ਾਕ ਦੂਸਰੇ ਢੰਗ ਦੀ ਹੁੰਦੀ ਹੈ।

ਉਸ ਨੇ ਕਿਸੇ ਗੁੰਮਨਾਮ ਵਿਅਕਤੀ ਦੀ ਗੱਲ ਕਰਦਿਆਂ ਦੱਸਿਆ ਕਿ ਅਸੀਂ (ਭਾਰਤੀ) ਉਹ ਕੁਝ ਹੀ ਕਰਦੇ ਹਾਂ ਜੋ ਧਾਰਮਿਕ ਰੂਹਾਨੀਅੱਤ ਅਤੇ ਸਦਾਚਾਰਕ ਕੀਮਤਾਂ ਤੋਂ ਠੀਕ ਹੋਵੇ। ਅਸੀਂ ਕਿਸੇ ਨੂੰ ਤੰਗ ਕਰਨਾ ਜਾਂ ਦੁੱਖ ਦੇਣਾ ਪਸੰਦ ਨਹੀਂ ਕਰਦੇ।

ਉਸਨੇ ਇਕ ਸਥਾਨਕ ਮਿੱਲ ਵਿੱਚ ਚਿੱਟੇ ਆਦਮੀ ਦਾ ਹਵਾਲਾ ਦਿੰਦੇ ਹੋਏ ਕਿਹਾ, ਇਹ (ਭਾਰਤੀ) ਮਿੱਲ ਵਿੱਚ ਸੁਪਰਵਾਈਜ਼ਰਾਂ ਨੂੰ ਵੱਢੀਆਂ ਦੇ ਕੇ ਕੰਮ ਲੈਂਦੇ ਹਨ ਅਤੇ ਇਸੇ ਤਰ੍ਹਾਂ ਹੀ ਹੋਰ ਚੰਗੀਆਂ ਨੌਕਰੀਆਂ ਤੇ ਸ਼ਿਫਟਾਂ।

ਇਕ ਹੋਰ ਗੋਰੇ ਦਾ ਹਵਾਲਾ ਦਿੰਦਿਆਂ ਉਸਨੇ ਲਿਖਿਆ, ਅਸੀਂ ਲੋਅਰ ਵੈਲੀ ਰੋਡ (ਸਕੁਆਮਿਸ਼ ਸ਼ਹਿਰ ਦਾ ਇਕ ਹਿੱਸਾ - ਜਿਥੇ ਪੰਜਾਬੀਆਂ ਦੀ ਵੱਸੋਂ ਕਾਫੀ ਹੈ।) ਨੂੰ ਇਕ ਵੱਖਰਾ ਸ਼ਹਿਰ ਬਣਾ ਦੇਣਾ ਪਸੰਦ ਕਰਦੇ ਹਾਂ। ਅਸੀਂ ਇੱਥੇ ਜਿਹੇ ਲੋਕਾਂ ਵਿੱਚ ਵਿਕਲੈਂਡ ਰੋਡ ਨੂੰ ਪਿਆਰ ਨਹੀਂ।

ਇਸ ਕਿਸਮ ਦੀ ਰਿਪੋਰਟ ਦੇ ਛਪਣ ਬਾਅਦ ਛੇਤੀ ਹੀ ਪੰਜਾਬੀ ਲੋਕਾਂ ਦਾ ਇਕ ਭਾਰੀ ਇਕੱਠ ਹੋਇਆ। ਪਹਿਲੀ ਵਾਰ ਨਸਲਵਾਦ ਦੇ ਖਿਲਾਫ ਲੜਨ ਲਈ ਕਮੇਟੀ ਦੀ ਚੋਣ ਕੀਤੀ ਗਈ। ਭਾਵੇਂ ਪਹਿਲਾਂ ਕਈ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ (ਧਾਰਮਿਕ ਕਮੇਟੀ ਤੋਂ ਬਿਨਾਂ) ਕੋਈ ਅਜਿਹੀ ਕਮੇਟੀ ਨਹੀਂ ਬਣ ਸਕੀ ਸੀ।

ਪੰਜਾਬੀ ਲੋਕਾਂ ਦੇ ਰੋਸੇ ਨੂੰ ਭਾਂਪਦਿਆਂ HOWE SOUND & DISTRICT ADVERTISER ਦੇ ਮਾਲਕ-ਸੰਪਾਦਕ ਨੇ ਆਪਣੇ ਅਗਲੇ ਅੰਕ ਵਿੱਚ ਲਿਖਤੀ ਮੁਆਫ਼ੀ ਮੰਗੀ ਅਤੇ ਭਾਰਤੀ ਲੋਕਾਂ ਦੇ ਹਿੱਤਾਂ ਨੂੰ ਪੁੱਜੇ ਨੁਕਸਾਨ ਨੂੰ ਪੂਰਾ ਕਰਨ ਲਈ ਆਪਣੇ ਅਗਲੇ ਅੰਕਾਂ ਵਿੱਚ ਭਾਰਤੀ ਲੋਕਾਂ ਪ੍ਰਤੀ ਕੁਝ ਨਾ ਕੁਝ ਚੰਗਾ ਲਿਖਦੇ ਰਹਿਣ ਦਾ ਵਚਨ ਦਿੱਤਾ। ਇਹ ਲੋਕਾਂ ਦੀ ਆਪਣੀ ਤਾਕਤ ਨਾਲ ਹੋਈ ਭਾਰੀ ਤੇ ਸਾਫ਼ ਜਿੱਤ ਹੈ।

o o

ਅਖਬਾਰ ਵਿੱਚ ਖਬਰ ਹੈ - ਪਰਿੰਸ ਜਾਰਜ ਵਿਖੇ ਇਕ ਭਾਰਤੀ ਔਰਤ ਨੇ ਆਪਣੇ 14 ਮਹੀਨਿਆਂ ਦੇ ਬੱਚੇ ਸਮੇਤ ਦਰਿਆ ਵਿੱਚ ਛਾਲ ਮਾਰ ਆਤਮ-ਹੱਤਿਆ ਕਰ ਲਈ। ਕਾਰਨ ਘਰੇਲੂ ਝਗੜਾ। ਇਸ ਤਰ੍ਹਾਂ ਦੀ ਕੋਈ ਨਾ ਕੋਈ ਖਬਰ ਥੋੜ੍ਹੇ ਸਮੇਂ ਦੇ ਵਕਫੇ ਨਾਲ ਸੁਣਨ ਜਾਂ ਪੜ੍ਹਨ ਨੂੰ ਮਿਲਦੀ ਹੈ। ਇਸ ਤਰ੍ਹਾਂ ਦੀਆਂ ਖਬਰਾਂ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਇਹ ਕਿਉਂ ਹੁੰਦਾ ਹੈ ਅਤੇ ਇਸ ਦਾ ਹੱਲ ਕੀ ਹੈ?

ਇਹਨਾਂ ਘਟਨਾਵਾਂ ਦੇ ਪਿਛੋਕੜ ਵਿੱਚ ਬਹੁਤ ਕਾਰਨ ਹੋਣਗੇ। ਮੇਰੇ ਵਿਚਾਰ ਅਨੁਸਾਰ ਪ੍ਰਥਮ ਕਾਰਨ ਸਾਡੀ (ਹਿੰਦੁਸਤਾਨੀ ਮਰਦਾਂ ਦੀ) ਔਰਤਾਂ ਬਾਰੇ ਗਲਤ ਸੋਚ ਹੈ। ਔਰਤ ਸਾਡੇ ਲਈ ਇਕ ਦਾਸੀ ਹੀ ਹੈ ਜਿਸ ਦਾ ਫਰਜ਼ ਸਾਡੀ ਸੇਵਾ ਕਰਨਾ, ਘਰ ਨੂੰ ਸੰਭਾਲਣਾ ਅਤੇ ਸਾਡੀ ਸਰੀਰਕ ਭੁੱਖ ਪੂਰੀ ਕਰਨਾ ਹੈ। ਅਸੀਂ ਅਜ ਤੱਕ ਔਰਤਾਂ ਨੂੰ ਜਿਉਂਦੀਆਂ ਜਾਗਦੀਆਂ, ਧੜਕਦੇ ਦਿਲ ਵਾਲੀਆਂ ਇਨਸਾਨ ਨਹੀਂ ਸਮਝਦੇ, ਸਗੋਂ ਕਾਰ, ਟੈਲੀਵੀਜ਼ਨ ਵਾਂਗ ਇਕ ਵਸਤ ਸਮਝਦੇ ਹਾਂ, ਜਿਸ ਨੂੰ ਜਿਸ ਤਰ੍ਹਾਂ ਜੀ ਕਰੇ ਉਸੇ ਤਰ੍ਹਾਂ ਵਰਤਣ ਦਾ ਸਾਨੂੰ ਪੂਰਨ ਅਧਿਕਾਰ ਹੈ।

ਇਥੋਂ ਦੇ ਨਵੇਂ ਜੀਵਨ ਵਿਚ ਹਰੇਕ ਔਰਤ ਸਾਡੇ ਬਰਾਬਰ ਕੰਮ ਕਰਦੀ ਹੈ। ਜਦੋਂ ਆਦਮੀ ਸਿਰਫ ਅੱਠ ਘੰਟੇ ਕੰਮ ਕਰਕੇ ਵਿਹਲਾ ਹੋ ਜਾਂਦਾ ਉਦੋਂ ਔਰਤਾਂ ਨੂੰ ਕੰਮ ਤੋਂ ਬਾਅਦ ਸਾਡੇ ਟੱਬਰ ਲਈ ਰੋਟੀ ਪਕਾਉਣੀ, ਘਰ ਦੀ ਸਫਾਈ, ਬੱਚਿਆਂ ਨੂੰ ਸੰਭਾਲਣਾ ਆਦਿ ਕੰਮ ਕਰਨੇ ਪੈਂਦੇ ਹਨ। ਇਹ ਸਭ ਕੁਝ ਕਰਨ ਦੇ ਬਾਅਦ ਘਰ ਦੇ ਮੁਆਮਲਿਆਂ ਵਿੱਚ ਉਸਨੂੰ ਕੋਈ ਅਧਿਕਾਰ ਨਹੀਂ। ਪ੍ਰੀਵਾਰ ਵਿਚਲੀ ਕਿਸੇ ਵੀ ਗੱਲ ਬਾਰੇ ਉਹ ਅੰਤਿਮ-ਫੈਸਲਾ ਨਹੀਂ ਲੈ ਸਕਦੀ। ਪਰਿਵਾਰ ਦੀ ਬਰਾਬਰ ਦੀ ਕਮਾਊ ਮੈਂਬਰ ਹੋਣ ਕਾਰਨ ਜਦੋਂ ਉਹ ਕੋਈ ਅਧਿਕਾਰ ਮੰਗਦੀ ਹੈ ਤਾਂ ਉਸ ਉਪਰ ਰੋਅਬ ਪਾ ਉਸਨੂੰ ਚੁੱਪ ਕਰਾਇਆ ਜਾਂਦਾ ਹੈ।

ਇਹ ਸਭ ਕੁਝ ਉਸ ਲਈ ਸਹਿਣਾ ਔਖਾ ਹੁੰਦਾ ਹੈ। ਜਦੋਂ ਉਹ ਇਸ ਬਾਰੇ ਕਿਸੇ ਨਾਲ ਗੱਲ ਕਰਦੀ ਹੈ ਤਾਂ ਉਸਨੂੰ ਕਸੂਰਵਾਰ ਸਮਝਿਆ ਜਾਂਦਾ ਹੈ। ਉਹ ਵਿਚੇ ਵਿੱਚ ਘੁੱਟਦੀ ਰਹਿੰਦੀ ਹੈ। ਉਸਨੂੰ ਇਹ ਸਭ ਕਾਸੇ ਤੋਂ ਛੁਟਕਾਰੇ ਦਾ ਰਾਹ ਸਿਰਫ ਆਤਮ-ਹੱਤਿਆ ਦਿਸਦਾ ਹੈ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਔਰਤਾਂ ਨੂੰ ਦਾਸੀਆਂ ਦੀ ਥਾਂ ਸਾਥਣਾਂ ਸਮਝੀਏ ਪਰਿਵਾਰ ਦੇ ਮੁਆਮਲਿਆਂ ਵਿੱਚ ਉਹਨਾਂ ਦੀ ਰਾਇ ਅਤੇ ਠੀਕ ਸਲਾਹ ਨੂੰ ਮੰਨੀਏ। ਔਰਤਾਂ ਦੀ ਠੀਕ ਸਲਾਹ ਨੂੰ ਹੱਤਕ ਨਾਲ ਦਬਾਉਣਾ ਅਤੇ ਆਪਣੀ ਗਲਤ ਗੱਲ ਤੇ ਅੜੇ ਰਹਿਣਾ ਕੋਈ ਮਰਦਪੁਣਾ ਨਹੀਂ (ਜਿਵੇਂ ਅਸੀਂ ਸਮਝਦੇ ਹਾਂ) ਮਰਦਪੁਣਾ ਤਾਂ ਇਸ ਵਿੱਚ ਹੈ ਕਿ ਠੀਕ ਨੂੰ ਠੀਕ ਮੰਨੀਏ ਭਾਵੇਂ ਉਹ ਕਿਸੇ ਨੇ ਵੀ ਕਿਹਾ ਹੋਵੇ। ਅਤੇ ਗਲਤ ਨੂੰ ਗਲਤ ਕਹੀਏ ਭਾਵੇਂ ਉਹ ਆਪ ਕਹੀ ਹੋਵੇ। ਇਸ ਤਰ੍ਹਾਂ ਕਰਕੇ ਇਕ ਤਾਂ ਅਸੀਂ ਆਪਣੀਆਂ ਮੁਸ਼ਕਿਲਾਂ ਨੂੰ ਘੱਟ ਕਰ ਸਕਦੇ ਹਾਂ ਨਾਲ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਕਾਰਣ ਹੋ ਰਹੀ ਕਮਿਊਨਿਟੀ ਦੀ ਬੇ-ਇੱਜ਼ਤੀ ਵੀ ਘਟਾ ਸਕਾਂਗੇ।

ਅਖੀਰ ਵਿੱਚ ਇਕ ਗੱਲ ਮੈਂ ਔਰਤਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਮੁਸ਼ਕਿਲ ਦਾ ਹੱਲ ਖੁਦਕਸ਼ੀ ਨਹੀਂ ਹੁੰਦਾ ਸਗੋਂ ਜ਼ਿੰਦਗੀ ਨਾਲ ਜੂਝਣਾ ਹੁੰਦਾ ਹੈ।

ਅਵਤਾਰ ਢਟੋਂ ਗੁਰ

o o o

# ਵੀਕਐਂਡ

ਜੋਟ ਜਾਂਗਪੁਰੀ

"ਪੀਤੇ ਆਹਣੇ ਖੜ੍ਹੀ ਇਹਨੂੰ ਪੁੱਛ ਉਏ। ਕਾਹਦੀ ਲੱਗੀ ਜਿਹੀ ਜਾਂਦੀ ਆ।" ਜੋਤੇ ਨੇ ਵੈਨ ਰੋਕਦੇ ਰੋਕਦੇ ਨੇ ਆਖਿਆ। ਤੇ ਪੀਤਾ ਰਤਾ ਕੁ ਝੁਕੇ ਹੱਥ ਵੈਨ 'ਚੋਂ ਉਤਰਿਆ ਤੇ ਬੱਸ ਸਟਾਪ ਤੇ ਖੜ੍ਹੀ ਗੋਰੀ ਵੱਲ ਨੂੰ ਵਧਿਆ। ਕੋਲ ਜਾਕੇ ਕਹਿੰਦਾ, "ਹਾਏ"। ਗੋਰੀ ਨੇ ਸੁਣਕੇ ਪਾਸੇ ਮੂੰਹ ਮੋੜ ਲਿਆ ਤੇ ਦੋ ਕਦਮ ਪਿਛੇ ਹੋ ਗਈ। ਪੀਤੇ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਯੂ ਵੈਰ ਬਿਊ, ਯੂ ਲੇਅ ਮੈਨ ਬੈਨ"। ਪੀਤਾ ਹਾਲੇ ਕੁੱਝ ਹੋਰ ਕਹਿਣ ਲੱਗਾ ਹੀ ਸੀ ਕਿ ਅੱਗੋਂ ਜਵਾਬ ਮਿਲਿਆ, "ਫੱਕ ਆਫ, ਯੂ ਇੰਡੂ"। ਪਿਛਲੀ ਵੇਰ ਨੂੰ ਗੋਰੀ ਦਾ ਬੁਆਏ ਫਰੈਂਡ ਪੂਲ ਹਾਲ 'ਚੋਂ ਨਿਕਲਿਆ ਜਦੋਂ ਪੀਤੇ ਨੇ ਵੇਖਿਆ ਕਿ ਇਹ ਤਾਂ ਗੋਰੀ ਵੱਲ ਹੀ ਆ ਰਿਹਾ ਹੈ ਤਾਂ ਪੀਤੇ ਹੋਰੀਂ ਫਟਾ ਫਟ ਵੈਨ ਵੱਲ ਨੂੰ ਹੋ ਤੁਰੇ। ਉਧਰ ਜੋਤਾ ਪਹਿਲਾਂ ਹੀ ਵੈਨ ਵਿਚ ਬੈਠਾ ਵੇਖ ਰਿਹਾ ਸੀ। ਪੀਤੇ ਦੇ ਬੈਠਣ ਦੀ ਦੇਰ ਸੀ ਕਿ ਜੋਤਾ ਵੈਨ ਭਜਾ ਕੇ ਲੈ ਗਿਆ। ਦੋ ਕੁ ਬਲਾਕ ਜਾ ਕੇ ਪੀਤੇ ਦਾ ਉਖੜਿਆ ਹੋਇਆ ਸਾਹ ਥੋੜ੍ਹਾ ਜਿਹਾ ਠੀਕ ਹੋਇਆ ਤੇ ਫਿਰ ਸੈਲੀ ਫਾਰਚ ਦਾ ਡਰਾਂਮ ਪਾਉਂਦਾ ਹੋਇਆ ਜੋਤੇ ਨੂੰ ਕਹਿਣ ਲੱਗਾ, "ਵੇਖ ਦੇਖਿਆ ਮਰਦਾ ਤੇ ਸੀ ਅੱਜ ਤਾਂ। ਸਾਲਾ ਕਹਿੰਦਾ ਕੰਵੀ ਕੀ ਲਗਦੀ ਆ"। ਜੋਤਾ ਮੁਸਕਰੀਂ ਹੱਸਦਾ ਹੋਇਆ ਬੋਲਿਆ, "ਬੜੀ ਪੀਤਿਆ ਆਖਿਆ ਤੈਨ ਮਿਠੇ ਦੀ ਸੀ।" ਡਰਾਮ ਅੰਦਰ ਜਿੰਦ ਕੇ ਪੀਤਾ ਹੁਣ ਬਿਲਕੁਲ ਠੀਕ ਸੀ ਤੇ ਇਕ ਡਰਾਮ ਪਾਕੇ ਜੋਤੇ ਵੱਲ ਵਧਾਇਆ ਤੇ ਕਿਹਾ "ਜੇ ਫੱਕਰ ਫਸੂ ਜਾ ਅੱਜ ਤਾਂ ਵੀਕਐਂਡ ਖੱਚ ਹੀ ਜਾਂਦਾ ਲਗਦਾ।" ਜੋਤੇ ਨੇ ਗਲਾਸ ਖਾਲੀ ਕਰਕੇ ਪੀਤੇ ਨੂੰ ਫੜਾਇਆ ਤੇ ਗੱਡੀ ਨੂੰ ਮੇਨ ਤੋਂ ਛੋਟੀ ਸਾਈਡ ਤੇ ਮੋੜਦਿਆਂ ਕਿਹਾ, "ਚੱਲ ਯਾਰ ਹੁਣ ਕਮਰਸ਼ਲ ਤੇ ਚਲਦੇ ਹਾਂ, ਆਸ ਉਥੋਂ ਹੀ ਕੋਈ ਯਾਰ ਲੱਭ ਜਾਂਦਾ।" ਪੀਤੇ ਨੇ ਹਾਂ 'ਚ ਹਾਂ ਮਿਲਾਈ ਤੇ ਕਿਹਾ, "ਜਿਥੇ ਮਰਜ਼ੀ ਲੈ ਚੱਲ, ਅੱਜ ਤਾਂ ਖੁੱਤੀ ਪੈਣੀ ਹੀ ਪੈਣੀ ਆ।" ਪੀਤਾ ਨਸ਼ੇ ਦੇ ਲੋਰ ਵਿਚ ਗੋਰੀ ਵੱਲਦੀ ਇਸ ਤਰ੍ਹਾਂ ਆਖਦਾ ਸੀ ਜਿਵੇਂ ਰਹਿਆ ਦੇ ਵੈਰੇ ਜਿਸੇ ਨੇ ਵੈਰੀ ਜਿੱਟੀ ਹੋਏ ਕਿ ਹੁਣ ਤਾਂ ਮੱਛੀ ਫਸੀ ਹੀ ਫਸੀ। ਉਧਰ ਜੋਤੇ ਦੇ ਦਰਿਆ ਸਟਰੀਟ ਤੇ ਪਹੁੰਚਣ ਤੋਂ ਪਹਿਲਾਂ ਹੀ ਪੀਲੀ ਬੱਤੀ ਹੋ ਗਈ ਤੇ ਜੋਤਾ ਗੇਅਰ ਦਾਬਾ ਪੈਡਲ ਜਿਹੇ ਲਾਕੇ ਪੀਤੇ ਨੂੰ ਕਹਿਣ ਲੱਗਾ, "ਅੱਜ ਤਾਂ ਵੱਟ ਲਾਕ ਬੱਤੀ 'ਚ ਵੀ ਵੱਧ ਦੂ"। ਕਹਿ ਕੇ ਪੀਤੇ ਨੂੰ ਇਕ ਡਰਾਮ ਪਾਉਣ ਲਈ ਕਿਹਾ। ਜੋਤੇ ਨੂੰ ਨਵੀਂ ਵੈਨ ਦਾ ਬਹੁਤ ਚਾਅ ਸੀ ਤੇ ਸਭ ਤੋਂ ਵੱਧ ਚਾਅ ਸੀ ਉਸਨੂੰ ਜਦੋਂ ਛੋਟੇ ਛੋਟੇ ਮੁੰਡਿਆਂ ਦਾ ਜਿਹੜੇ ਅੱਜ ਹੀ ਗੁੱਡ ਸ਼ੇਅਰ ਦਾਲਿਆਂ ਤੋਂ ਪ੍ਰਾਪਤ ਸਨ। ਪੀਤੇ ਨੂੰ ਇੰਡੀਆ ਤੋਂ ਆਏ ਨੂੰ ਭਾਵੇਂ ਤਿੰਨ ਕੁ ਸਾਲ ਹੋਇਆ ਸੀ ਇਸ ਲਈ ਉਸ ਕੋਲ ਕੋਈ ਕਾਰ ਵਗੈਰਾ ਨਹੀਂ ਸੀ। ਪਰ ਇਸ ਇਕ ਸ਼ੌਂਕ ਜ਼ਰੂਰ ਸੀ ਕਿ ਜਦੋਂ ਲਈ ਤਾਂ ਕਾਹਲੀ ਟਰਾਂਸ ਐਮ ਹੀ ਲੈਣੀ ਆ। ਇਕ ਵੈਨਕੂਵਰ ਵਿਚ, ਜਿਹੜਾ ਮਰਜ਼ੀ ਦੇਸ ਜਾ ਲਏ, ਵੇਖਾਂ ਤਾਂ ਮੁੱਤ ਪਾਉਂਦੀ ਸਾਊ। ਜੋਤੇ ਨੇ ਖਾਲੀ ਗਲਾਸ ਪੀਤੇ ਵੱਲ ਵਧਾਇਆ ਤੇ ਕਿਹਾ, "ਸਾਹਬ ਦੀ ਟੇਪ ਲੋਰ ਹੁਣ, ਫਿਰ ਜਸ਼ਨ ਕਿਹਾ ਪਿਛੇ ਦੇਖਾਂ ਇਹਦੀ ਮਾਂ ਨੂੰ .... ।" ਪਿਛਲੀ ਵੇਰ ਨੂੰ ਵੈਨ ਇਕੱਠੀਆ ਤਸਵੀਰ ਤੇ ਪਹੁੰਚ ਗਈ। ਅੰਦਰ ਮੁੜਨ ਤੋਂ ਪਹਿਲਾਂ ਹੀ ਜੋਤੇ ਨੂੰ ਇਕ ਕੁੜੀ ਇੱਕ ਹਾਈਕ ਕਰਦੀ ਦਿਸੀ ਤੇ ਉਹ ਵੈਨ ਦੇ ਬੋਲਿਆ, "ਇਥੇ ਅੱਜ ਤੈਨੂੰ ਕਿਹਾ ਸੀ ਕਿ ਜਾ ਬੜੀ ਇਥੋਂ ਕੋਈ ਨਾ ਕੋਈ ਲੱਭ ਹੀ ਜਾਂਦੀ ਆ। ਜਾਣੇ ਤੈ ਤਾਏ ਦੀ, ਇਹਨੂੰ ਤਾਂ ਬੀਤ ਦੇਖਦਿਆਂ ਸਾਰ ਹੀ ਤੁਰ ਪੈਣਾ।" ਜੋਤਾ ਇਸ ਤਰ੍ਹਾਂ ਤਕੜਾ ਆਕੜਦਾ ਸੀ ਜਿਵੇਂ ਉਸ ਨੂੰ ਕੁੜੀ ਦੇ ਦਿਲ ਦੀ ਗੱਲ ਦਾ ਪਹਿਲਾਂ ਹੀ ਪਤਾ ਹੁੰਦਾ ਹੈ। ਜਦ ਜੋਤੇ ਨੇ ਕੁੜੀ ਕੋਲ ਜਾ ਕੇ ਵੈਨ ਰੋਕੀ ਤਾਂ ਪੀਤੇ ਨੇ ਫਟਾ ਫਟ ਸਾਹਬ ਦੀ ਟੇਪ ਕੱਢੀ ਤੇ ਇੰਗਲਿਸ਼ ਦੀ

ਲਾ ਤੀ। ਤਾਂਏ ਏਹਾਂ ਤੋਂ ਸਮਝ ਕਿਸੇ ਨੂੰ ਲਗੀ ਸੀ ਆਉਂਦੀ ਕਿ ਏਧ ਕੀ ਕਹਿੰਦੀ ਹੈ। ਪਰ ਰੂਬੀ ਨੇ ਪ੍ਰਭਾਵ ਪਾਉਣ ਲਈ ਕਿ ਇਹ ਸਮਝੇ ਕਈ ਇਹ ਰੂਸ ਸਟੋਰਾਂ ਦੇ ਉਹਦੇ ਆ ਭਾਰੀ ਪਿੰਜਿਆਂ ਨਾਲੋਂ। ਪੀਟੇ ਨੇ ਤੋਤਾ ਖੋਲ੍ਹੀ ਤੇ ਆਪ ਪਿਛੇ ਹੱਟ ਤੇ ਜਾ ਬੈਠਾ ਤੇ ਤੋਤੇ ਨੂੰ ਕਹਿੰਦਾ, "ਯਾਰ ਤੂੰ ਆਪੇ ਹੀ ਗੱਲ ਗੱਲ ਸੀ ਕਰ ਲੀਂ ਇਹਦੇ ਨਾਲ। ਤੋਤਾ ਕੁੱਝ ਚਿੰਤਿਆ ਤੋਂ ਪਰਿੰਦਿਆਂ ਦਾ ਆਇਆ ਹੋਣ ਕਰਕੇ ਪੀਟੇ ਨਾਲੋਂ ਜ਼ਿਆਦਾ ਚੰਗੀ ਬੋਲ ਲੈਂਦਾ ਸੀ। ਰੂਬੀ ਕਾਰ ਵਿਚ ਬਹਿ ਗਈ ਤੇ ਤੋਤੇ ਨੇ ਕਾਰ ਅੱਗੇ ਤੋਰ ਲਈ। ਰੂਬੀ ਨੂੰ ਬੀਅਰ ਪੀਣ ਲਈ ਪੁੱਛਿਆ ਤਾਂ ਉਸਨੇ "ਸ਼ੂਰ" ਵਿਚ ਉੱਤਰ ਦਿੱਤਾ। ਪੀਟਾ ਕਿਦੇਂ ਪਹਿਲਾਂ ਹੀ ਬੀਅਰ ਦੇ ਬੱਤੇ ਨੂੰ ਹੱਥ ਪਾਈ ਬੈਠਾ ਸੀ ਖੋਲ੍ਹ ਕੇ ਰੂਬੀ ਨੂੰ ਫੜਾ ਤਾ ਤੇ ਨਾਲ ਉਸਨੂੰ ਤੇ ਜੀਤ ਦੇਗੀ ਨਾਏ ਕਿ ਬੱਸ ਹੁਣ ਤਾਂ ਤੈਨੂੰ ਟਪਾਊਗੀ ਵੱਟਾ ਤਾਂ ਭੁੱਲ ਗਈ ਆ। ਜਦ ਤੋਤਾ ਇੱਕਰ ਸਟੋਰ ਕੋਲ ਦੀ ਲੰਘਣ ਲੱਗਾ ਤਾਂ ਉਸ ਨੂੰ ਖਿਆਲ ਆਇਆ ਕਿ ਉਨ੍ਹਾਂ ਕੋਲ ਤੇਲ ਮੁੱਕਣ ਵਾਲਾ ਹੀ ਹੈ। ਉਸ ਨੇ ਗੈਸ ਸਟੇਸ਼ਨ ਵਿਚ ਦੀ ਘੁਮਾ ਕੇ ਕਾਰ ਤੇਲ ਮੂਹਰੇ ਖੜ੍ਹੀ ਤੇ ਪੀਟੇ ਨੂੰ ਇਕ ਵਾਲੀ ਅੱਖ ਦੀ ਫੜ ਇਸ਼ਾਰਾ/ ਲਈ ਕਿਹਾ, ਤੇ ਪੀਟੇ ਹੋਰੀਂ ਛਾਲ ਮਾਰ ਕੇ ਬਾਹਰ ਹੋ ਗਏ। ਪੀਟੇ ਦੇ ਜਾਣ ਤੋਂ ਬਾਅਦ ਤੋਤੇ ਨੇ ਰੂਬੀ ਦਾ ਨਾਂ ਪੁੱਛਿਆ ਰੂਬੀ ਨੇ ਜਵਾਬ ਵਿਚ "ਕੈਰੀ" ਕਿਹਾ। ਤੋਤੇ ਨੇ ਆਪਣਾ ਨਾਂ ਜੈਰਲ ਦੱਸਿਆ। ਤੋਤੇ ਨੇ ਫਿਰ ਰੂਬੀ ਨੂੰ ਪੁੱਛਿਆ, "ਯੂ ਲੈਕ ਹਾਰਡ ਸਟੱਫ"। ਤਾਂ ਰੂਬੀ ਨੇ "ਹਾਂ" ਵਿਚ ਸਿਰ ਹਿਲਾਇਆ। ਇੰਨੀ ਦੇਰ ਵਿਚ ਪੀਟਾ ਵੀ ਆ ਗਿਆ ਤੇ ਤੋਤੇ ਨੇ ਉਸਦਾ ਨਾਂ ਪੀਟ ਦੱਸਿਆ। ਜਦ ਪੀਟੇ ਨੇ ਆਪਣਾ ਨਾਂ ਗੋਰਿਆਂ ਵਾਲਾ ਸੁਣਿਆ ਤਾਂ ਆਪਣੇ ਆਪ ਨੂੰ ਥੋੜ੍ਹਾ ਕਿਹਾ ਗੋਰਾ ਹੀ ਮਹਿਸੂਸ ਕਰਨ ਲੱਗਾ। ਤੋਤੇ ਨੇ ਉਥੋਂ ਕਾਰ ਤੋਰੀ ਤੇ ਪੀਟੇ ਨੂੰ ਰੂਬੀ ਵਾਸਤੇ ਪੱਕੀ ਦਾ ਤਰਮ ਪਾਉਣ ਨੂੰ ਕਿਹਾ। ਜਦ ਪੀਟੇ ਨੇ ਸੈਵਨ-ਅੱਪ ਨੂੰ ਹੱਥ ਮਾਰਿਆ ਤਾਂ ਖਾਲੀ ਨਿਕਲਿਆ। ਰੂਬੀ ਸਮਝ ਗਈ ਕਿ ਇਨ੍ਹਾਂ ਕੋਲ ਮਿਕਸ ਖਤਮ ਹੋ ਗਿਆ ਉਸਨੇ ਸੁੱਕੀ ਪੀਣੀ ਹੀ ਮਨਜ਼ੂਰ ਕੀਤੀ। ਦੂਜੇ ਗਲਾਸ ਵਿਚ ਪਾ ਕੇ ਤੋਤੇ ~~ਨੂੰ~~ ਕਹਿਣ ਲੱਗਾ, "ਮੈਂ ਫੜ ਲਾ ਸਾਲਿਆ ਹੁਣ ਤੂੰ ਹੀ ਪਾਈਂਟ ਦਾ ਖਿੱਚ ਲਾ ਵੇਖਾਂ। ਥੱਕਾ ਥੁੱਕਾ ਜਾ ਭਾਲੀਂ। ਨਾਲੇ ਤਰਸ ਸਮਝ ਤੇ ਥੱਕਾ ਮਹਿੰਗਾ।" ਪੀਟੇ ਨੇ ਸੁਗਲ-ਵੈਸੇ ਕਿਹਾ ਤੇ ਇਕ ਪਾਈਂਟ ਰੂ ਦਾ ਆਪ ਪਾ ਲਿਆ। ਇਧਰ ਕੈਰੀ ਵਾਸਤੇ ਇਸ ਤਰ੍ਹਾਂ ਕਾਰ ਵਿਚ ਹਿੰਦੁਸਤਾਨੀਆਂ ਨਾਲ ਸ਼ਰਾਬ ਪੀਣੀ ਕੋਈ ਨਵੀਂ ਗੱਲ ਨਹੀਂ, ਕਿਉਂਕਿ ਪਹਿਲਾਂ ਵੀ ਉਹ ਕਈਆਂ ਨਾਲ ਚਲੀ ਜਾਂਦੀ ਸੀ। ਇਸ ਲਈ ਕਾਫੀ ਕੇਸਿਆਂ ਦੇ ਉਹ ਨਾਂ ਵੀ ਜਾਣਦੀ ਸੀ ਤੇ ਕਿਨ੍ਹਾਂ ਇੱਕੋ ਕਈਆਂ ਨੂੰ ਜੋਰਾ ਕਈਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਕੈਰੀ, ਜੈਰਲ ਤੇ ਪੀਟ ਹੁਣ ਤਿੰਨੇ ਇੱਕੋ ਨਸ਼ੇ ਵਿਚ ਸਨ। ਜੈਰਲ ਨਵੀਂ ਕਾਰ ਦੇ ਸ਼ਾਸ ਵਿਚ ਤੇ ਕੈਰੀ ਦਾ ਕੁਝ ਆਪ ਦੇ ਇੱਕਲ ਦੇਖਕੇ ਤੋਤਾ ਜ਼ਿਆਦਾ ਨਸ਼ੇ ਵਿਚ ਸੀ। ਇਸੇ ਖੁਸ਼ੀ ਵਿਚ ਪੀਟੇ ਤੋਂ ਇਕ ਪਾਈਂਟ ਦਾ ਹੋਰ ਫੜ ਲਿਆ ਤੇ ਹੁਣ ਕਾਰ ਪਾਰਕ ਕਰਨ ਲਈ ਥਾਂ ਦੀ ਤਲਾਸ਼ ਕਰਨ ਲੱਗਾ। ਨਾਲੇ ਪੀਟੇ ਕੋਲ ਲਾਈਸੈਂਸ ਨਾ ਹੋਣ ਕਰਕੇ ਮੁੜ-ਮੁੜ ਪੱਕੇ ਚੀਆਂ ਗਾਰਾਂ ਵੱਲ ਵੇਖਦਾ ਤੇ ਨਾਲੇ ਦਿਲ ਵਿਚ ਸੋਚਦਾ ਕਿ ਜੇ ਅੱਜ ਸਾਲੇ ਨੂੰ ਕਾਰ ਚਲਾਉਣੀ ਆਉਂਦੀ ਹੁੰਦੀ ਤਾਂ ਅੱਜ ਚਲਦੀ ਕਾਰ 'ਚ ਹੀ ਕੱਪੜੇ ਖੋਲਦੇ। ਸੋਚਦੇ ਸੋਚਦੇ ਇਹਨਾਂ ਦੀ ਖਿਆਲ ਨਾ ਰਿਹਾ ਕਿ ਬੱਤੀ ਹਰੀ ਹੈ ਕਿ ਲਾਲ। ਜਾਂ ਇਹ ਸਮਝੋ ਕਿ ਨਸ਼ੇ ਵਿਚ ਰੰਗਾਂ ਦੀ ਪਛਾਣ ਹੋਣੋਂ ਹਟ ਗਈ ਤੇ ਉਦੋਂ ਹੀ ਪਤਾ ਲੱਗਿਆ ਜਦ ਪਿਛਿਉਂ ਆਉਂਦੀ ਟਰੱਕ ਨਾਲ ਜਾ ਟਕਰਾਏ। ਪੰਦਰਾਂ ਮਿੰਟਾਂ 'ਚ ਪੁਲਸ ਆ ਗਈ ਤੇ ਨਾਲ ਹੀ ਐਂਬੂਲੈਂਸ। ਸਾਰਿਆਂ ਨਾਲੋਂ ਜ਼ਿਆਦਾ ਸੱਟਾਂ ਕੈਰੀ ਦੇ ਹੋਣ ਕਰਕੇ ਐਂਬੂਲੈਂਸ ਉਸਨੂੰ ਲਿਜਾ ਕੇ ਸੀਟੀਆਂ ਮਾਰਦੀ ਹਸਪਤਾਲ ਵੱਲ ਚਲੀ ਗਈ। ਤੋਤੇ ਨੂੰ ਕਾਰ ਟੁੱਟ ਜਾਣ ਦਾ ਜਾਂ ਤੋੜਨ ਵਾਲਾ ਲੱਗਣ ਦਾ ਐਨਾ ਫਿਕਰ ਨਹੀਂ ਸੀ ਜਿੰਨਾ ਕਿ ਕੈਰੀ ਦਾ ਹੱਥੋਂ ਨਿਕਲ ਜਾਣ

ਬਾਕੀ ਸਫ਼ਾ 28 ਤੇ

## ਪੁਸਤਕ ਪ੍ਰੀਖਿਆ

### ਸੂਹੀ ਸਵੇਰ

ਲੇਖਕ : ਸਵੈਸਾਚੀ
ਅਨੁਵਾਦਕ: ਗੁਰਬਖਸ਼ ਜੱਸ

ਹਿੰਦੀ ਦੇ ਪ੍ਰਸਿਧ ਲਿਖਾਰੀ ਸਵੈਸਾਚੀ ਦੀ ਪੁਸਤਕ 'ਹਮ ਕਿਆ ਕਰੇਂ ?' ਦਾ ਪੰਜਾਬੀ ਅਨੁਵਾਦ 'ਸੂਹੀ ਸਵੇਰ' ਦੇ ਨਾਂ ਥੱਲੇ ਛਪਿਆ ਹੈ। ਗੁਰਬਖਸ਼ ਜੱਸ ਨੇ ਇਕ ਪੁਸਤਕ ਨੂੰ ਪੰਜਾਬੀ ਰੂਪ ਦੇ ਕੇ ਪੰਜਾਬੀ ਸਾਹਿਤ ਵਿੱਚ ਆਪਣੀ ਕਿਸਮ ਦਾ ਨਵਾਂ ਵਾਧਾ ਕੀਤਾ ਹੈ ਜਿਹਦੇ ਲਈ ਉਹ ਹਰ ਤਰ੍ਹਾਂ ਵਧਾਈ ਦਾ ਹੱਕਦਾਰ ਹੈ। ਇਸ ਵਿੱਚ ਸਵੈਸਾਚੀ ਦੇ ਸੱਤ ਪ੍ਰਸਿੱਧ ਲੇਖ ਸ਼ਾਮਿਲ ਹਨ। ਇਹ ਲੇਖ ਹਨ: ਸਮਾਜ ਨੂੰ ਬਦਲ ਦਿਉ', 'ਮੇਰੀ ਦੁਨੀਆਂ ਦੀ ਕਹਾਣੀ', ਇਹ ਸੱਭ ਕਿਉਂ? ਸਮਾਜ ਦਾ ਵਿਕਾਸ, ਰਾਜ ਸੱਤਾ, 'ਧਰਮ' ਤੇ ਅਸੀਂ ਕੀ ਕਰੀਏ'।

ਪੰਜਾਬੀ ਵਿੱਚ ਸ਼ਾਇਦ ਹੀ ਕੋਈ ਇਸ ਕਿਸਮ ਦੀ ਕਿਤਾਬ ਪਹਿਲਾਂ ਮਿਲਦੀ ਹੋਵੇ। ਸਾਡੇ ਆਲੇ ਦੁਆਲੇ ਜੋ ਕੁਝ ਵਾਪਰਦਾ ਹੈ ਉਸਨੂੰ ਤੇ ਉਸਦੇ ਕਾਰਨਾਂ ਨੂੰ ਇੰਨੇ ਸਰਲ ਤਰੀਕੇ ਨਾਲ ਬਿਆਨਿਆ ਗਿਆ ਹੈ ਕਿ ਇੱਕ ਆਮ ਸੂਝ ਵਾਲਾ ਪਾਠਕ ਵੀ ਸਮਾਜ ਦੇ ਕਈ ਔਖੇ ਤੋਂ ਔਖੇ ਸਵਾਲਾਂ ਨੂੰ ਇਸ ਪੁਸਤਕ ਰਾਹੀਂ ਸਮਝ ਸਕਦਾ ਹੈ। ਸਿਆਸਤ, ਧਰਮ, ਅਰਥ ਸ਼ਾਸਤਰ, ਦਰਸ਼ਨ, ਸਾਹਿਤ ਤੇ ਸਭਿਆਚਾਰ ਆਦਿ ਔਖੇ ਔਖੇ ਵਿਸ਼ਿਆਂ ਨੂੰ ਲੇਖਕ ਨੇ ਇਕ ਦਮ ਆਮ ਲੋਕਾਂ ਦੀ ਪਕੜ ਵਿੱਚ ਲੈ ਆਂਦਾ ਹੈ। ਇਸ ਕਿਤਾਬ ਨੂੰ ਪੜ੍ਹਣ ਤੋਂ ਬਾਅਦ ਪਾਠਕ ਆਪਣੇ ਆਲੇ ਦੁਆਲੇ ਬਾਰੇ ਇਕ ਨਵੇਂ ਢੰਗ ਵਿੱਚ ਸੋਚਣ ਲਈ ਮਜਬੂਰ ਹੁੰਦਾ ਹੈ। ਕੋਈ ਰਚਨਾ ਵੀ ਜਿਹੜੀ ਪੜ੍ਹਨ ਵਾਲੇ ਦੇ ਮਨ ਵਿੱਚ ਸਮਾਜ ਵਿੱਚ ਵਿਚਰਦੀਆਂ ਕੁਰੀਤੀਆਂ ਤੇ ਕੋਹੜ ਬਾਰੇ ਨਵੇਂ ਸਵਾਲ ਖੜ੍ਹੇ ਕਰ ਦੇਵੇ ਉਹ ਰਚਨਾ ਇਕ ਸਫਲ ਰਚਨਾ ਮੰਨੀ ਜਾਣੀ ਚਾਹੀਦੀ ਹੈ। ਅਸੀਂ ਹਰ ਪੰਜਾਬੀ ਪਾਠਕ ਨੂੰ ਸੁਝਾਅ ਦੇਵਾਂਗੇ ਕਿ ਉਹ ਇਸ ਪੁਸਤਕ ਨੂੰ ਜ਼ਰੂਰ ਪੜ੍ਹਨ ਦੀ ਕੋਸ਼ਿਸ਼ ਕਰੇ। ਇਹ ਪੁਸਤਕ ਇਸ ਪਤੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ: ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ, ਪੰਜਾਬ। ਨਮੂਨੇ ਵਜੋਂ ਅਸੀਂ ਇਸ ਪੁਸਤਕ ਵਿਚਲੇ 'ਸਮਾਜ ਨੂੰ ਬਦਲ ਦਿਉ' ਲੇਖ ਵਿਚੋਂ ਕੁਝ ਹਿੱਸੇ ਦੇ ਰਹੇ ਹਾਂ।

ਸੰਪਾਦਕ

ਤੁਸੀਂ ਹੈਰਾਨਗੀ ਵਿਚ ਕਿਉਂ ਪੈ ਗਏ ਹੋ ? ਤੁਹਾਨੂੰ ਮੇਰੀ ਗੱਲ ਉਤੇ ਯਕੀਨ ਕਿਉਂ ਨਹੀਂ ਆਉਂਦਾ ? ਇਤਨੀ ਛੋਟੀ ਜੇਹੀ ਗੱਲ ਤੁਹਾਡੀ ਸਮਝ ਵਿਚ ਕਿਉਂ ਨਹੀਂ ਆਉਂਦੀ। ਅੱਛਾ ਚਲੋ, ਇਕ ਵਾਰ ਇਸ ਸਮਾਜ ਵਲ ਹੋਰ ਜ਼ਿਆਦਾ ਨਜ਼ਦੀਕ ਹੋ ਕੇ ਵੇਖੋ—ਕੀ ਵੇਖਿਆ ? ਲਉ ਮੈਂ ਹੀ ਦਸ ਦਿੰਦਾ ਹਾਂ ਕਿ ਮੈਨੂੰ ਕੀ ਦਿਖਾਈ ਪੈਂਦਾ ਹੈ ?—ਤੁਹਾਡਾ ਇਹ ਸਮਾਜ ਪੌੜੀ ਦੀ ਤਰ੍ਹਾਂ ਬਣਿਆ ਹੋਇਆ ਹੈ ਅਤੇ ਇਕ ਦੇ ਮੋਢੇ ਉਤੇ ਦੂਸਰਾ, ਦੂਸਰੇ ਦੇ ਮੋਢੇ ਉਤੇ ਤੀਸਰਾ, ਤੀਸਰੇ ਦੇ ਮੋਢੇ ਉਤੇ ਚੌਥਾ, ਚੌਥੇ ਉਤੇ ਪੰਜਵਾਂ—ਇਕ ਬਹੁਤ ਉੱਚੀ ਕਤਾਰ ਲਗੀ ਹੈ—ਇਸ ਕਤਾਰ ਵਿਚ ਸਭ ਤੋਂ ਨੀਵਾਂ ਸ਼ਹਿਰ ਅਤੇ ਕਸਬਿਆਂ ਦਾ ਮਜ਼ਦੂਰ ਅਤੇ ਪਿੰਡਾਂ ਦਾ ਬੇ-ਜ਼ਮੀਨਾ ਖੇਤ ਮਜ਼ਦੂਰ ਹੈ, ਸ਼ਹਿਰ ਅਤੇ ਪਿੰਡ ਦੇ ਇਨ੍ਹਾਂ ਲੱਖਾਂ ਕਰੋੜਾਂ ਮਜ਼ਦੂਰਾਂ ਦੇ ਮੋਢਿਆਂ ਉਤੇ ਛੋਟਾ ਦੁਕਾਨਦਾਰ, ਛੋਟਾ ਕਿਸਾਨ, ਪ੍ਰਾਇਮਰੀ ਸਕੂਲ ਦਾ ਅਧਿਆਪਕ, ਮਾਮੂਲੀ ਕਲਰਕ ਬੈਠੇ ਹਨ, ਇਹਨਾਂ ਦੇ ਮੋਢਿਆਂ ਉਤੇ ਦਰਮਿਆਨਾ ਕਿਸਾਨ, ਛੋਟਾ ਕਾਰਖਾਨੇਦਾਰ, ਸਕੈਂਡਰੀ ਅਧਿਆਪਕ, ਵਡੇ ਕਲਰਕ ਛੋਟੇ ਵਿਉਪਾਰੀ ਬੈਠੇ ਹਨ, ਇਹਨਾਂ ਦੇ ਮੋਢਿਆਂ ਉਤੇ ਧਨੀ ਕਿਸਾਨ—ਪ੍ਰੋਫੈਸਰ, ਵਕੀਲ, ਡਾਕਟਰ, ਵਿਓਪਾਰੀ, ਕਾਰਖਾਨੇਦਾਰ ਸਵਾਰ ਹਨ। ਉਹਨਾਂ ਦੇ ਮੋਢਿਆਂ ਜ਼ਿਮੀਂਦਾਰ ਅਤੇ ਸਭ ਤੋਂ ਉੱਪਰ ਅਜਾਰੇਦਾਰ ਪੂੰਜੀਪਤੀ ਬੈਠੇ ਹਨ—ਇਸ ਤਰ੍ਹਾਂ ਸਾਡਾ ਸਮਾਜ ਕੁਤਬਮੀਨਾਰ ਦੀਆਂ ਪੌੜੀਆਂ ਦੀ ਤਰ੍ਹਾਂ ਬਣਿਆ ਹੈ। ਹੁਣ ਤੁਸੀਂ ਖੁਦ ਹੀ ਸੋਚ ਲਵੋ ਸਭ ਤੋਂ ਜ਼ਿਆਦਾ ਦੁਖੀ ਤੇ ਪ੍ਰੇਸ਼ਾਨ ਇਸ ਸਮਾਜ ਵਿਚ ਕੌਣ ਹੈ ਅਤੇ ਸਭ ਨਾਲੋਂ ਜ਼ਿਆਦਾ ਸੁਖ ਅਤੇ ਖੁਸ਼ੀਆਂ ਕਿਸ ਨੂੰ ਪ੍ਰਾਪਤ ਹਨ ? ਜੋ ਸਭ ਤੋਂ ਨੀਵਾਂ ਹੈ, ਉਸ ਉਤੇ ਸਾਰਿਆਂ ਦਾ ਭਾਰ ਹੈ। ਉਹ ਸਭ ਨਾਲੋਂ ਜ਼ਿਆਦਾ ਦੁਖੀ ਅਤੇ ਪ੍ਰੇਸ਼ਾਨ ਵੀ ਹੈ ਅਤੇ ਉਸ ਨੂੰ ਇਸ ਲਾਈਨ ਦੇ ਟੁੱਟਣ ਦੀ ਸਭ ਤੋਂ ਵਧ ਜ਼ਰੂਰਤ ਵੀ ਹੈ, ਅਤੇ ਜੋ ਸਭ ਤੋਂ ਉਪਰ ਹੈ, ਉਹ ਸਭ ਨਾਲੋਂ ਜ਼ਿਆਦਾ ਸੁਖੀ ਹੈ ਅਤੇ ਇਸ ਲਾਈਨ ਨੂੰ ਕਾਇਮ ਰਖਣ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਵੀ ਉਸ ਨੂੰ ਹੀ ਹੈ ਕਿਉਂਕਿ ਅਗਰ ਇਕ ਵਾਰ ਟੁੱਟ ਗਈ ਤਾਂ ਇਥੇ ਸਭ ਤੋਂ

ਨੀਵੀਂ ਪੱਧਰ ਦੇ ਲੋਕ ਉਪਰ ਲੱਦੇ ਭਾਰ ਤੋਂ ਇਕ-ਦੱਮ ਮੁਕਤ ਹੋ ਕੇ ਆਜ਼ਾਦ ਹੋ ਜਾਣਗੇ, ਸਭ ਤੋਂ ਉੱਪਰ ਦੇ ਲੋਕ ਜ਼ਿਆਦਾ ਉਚਾਈ ਤੋਂ ਡਿਗਣ ਦੇ ਕਾਰਣ ਮੌਤ ਦਾ ਸ਼ਿਕਾਰ ਬਣ ਜਾਣਗੇ। ਚੀਜ਼ਾਂ ਨੂੰ ਸਮਝਣ ਦੇ ਇਸ ਆਸਾਨ ਤਰੀਕੇ ਨਾਲ ਕੀ ਗੱਲ ਸਾਡੇ ਸਾਹਮਣੇ ਆਈ– ਇਹੀ ਕਿ ਇਸ ਸਮਾਜ ਨੂੰ ਬਦਲ ਦੇਣ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਮੇਹਨਤਕਸ਼ ਵਰਗ ਨੂੰ ਹੈ, ਅਤੇ ਇਹ ਵੀ ਕਿ ਸਭ ਤੋਂ ਉੱਪਰ ਵਾਲੇ ਜ਼ਿਮੀਂਦਾਰ ·ਅਜਾਰੇਦਾਰ ਇਸ ਸਮਾਜ ਨੂੰ ਕਾਇਮ ਰਖਣਾ ਚਾਹੁੰਦੇ ਹਨ, ਅਤੇ ਉਹ ਸਮਾਜ ਨੂੰ ਬਦਲ ਦੇਣ ਦੀ ਹਰ ਕੋਸ਼ਿਸ਼ ਦਾ ਜਾਂ ਤਾਂ ਵਿਰੋਧ ਕਰਨਗੇ ਜਾਂ ਇਹ ਕੋਸ਼ਿਸ਼ ਕਰਨਗੇ ਕਿ ਆਦਮੀ ਸਮਾਜ ਨੂੰ ਬਦਲ ਦੇਣ ਦੀ ਗੱਲ ਹੀ ਨਾ ਸੋਚ ਸਕੇ ! ਭਾਈ ਮੇਰੇ, ਮਿਹਨਤਕਸ਼ਾਂ ਤੇ ਲੁਟੇਰਿਆਂ ਦੀ ਇਹ ਜੱਦੋ-ਜਹਿਦ ਹੀ ਇਸ ਦੁਨੀਆਂ ਵਿਚ ਚਲ ਰਹੀ ਹੈ ਅਤੇ ਜੇਕਰ ਗੌਰ ਨਾਲ ਵੇਖੋਂ ਤਾਂ ਇਸ ਸੰਘਰਸ਼ ਵਿਚ ਸਾਡੀ ਮਜ਼ਦੂਰਾਂ-ਕਿਸਾਨਾਂ ਦੀ ਜਿੱਤ ਬੇਹੱਦ ਆਸਾਨ ਹੈ ?

ਹੁਣ ਤੁਸੀਂ ਕਹੋਗੇ ਕਿ ਸਮਾਜ ਨੂੰ ਬਦਲਣਾ ਆਸਾਨ ਕਿਸ ਤਰ੍ਹਾਂ ਹੈ ? ਭਾਈ ਮੇਰੇ, ਅਗਰ ਇਹ ਸਭ ਤੋਂ ਹੇਠਾਂ ਦੱਬੇ-ਕੁਚਲੇ ਸ਼ਹਿਰਾਂ ਅਤੇ ਪਿੰਡਾਂ ਦੇ ਮਜ਼ਦੂਰ, ਜਿਨ੍ਹਾਂ ਨੂੰ ਨਾ ਸਹਿਣ ਵਾਲੇ ਭਾਰ ਤੋਂ ਛੁਟਕਾਰਾ ਪਾਉਣ ਲਈ ਕਤਾਰ ਟੁੱਟਣ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ, ਆਪਣਾ ਮੋਢਾ ਹਿਲਾ ਦੇਣ ਤਾਂ ਦੱਸੋ ਫਿਰ ਕੀ ਹੋਵੇਗਾ ? ਕੀ ਉੱਪਰ ਦੇ ਸਾਰੇ ਲੋਕ ਡਿੱਗ ਨਹੀਂ ਜਾਣਗੇ ਅਤੇ ਕ ਉੱਪਰ ਦੇ ਲੋਕਾਂ ਦੇ ਡਿਗਣ ਨਾਲ ਸਮਾਜ ਦੀ ਮਿਹਨਤਕਸ਼ ਜਨਤਾ ਸ਼ੋਸ਼ਣ ਉਤਪੀੜਨ ਤੋਂ ਮੁਕਤ ਨਹੀਂ ਹੋ ਜਾਵੇਗੀ ? ਅਤੇ ਇਸ ਮੋਢੇ ਦੇ ਹਿਲਣ ਵਿ ਸਮਾਂ ਹੀ ਕਿਤਨਾ ਲਗਦਾ ਹੈ—ਬੱਸ ਕੁਛ ਹੀ ਪਲਾਂ ਦੀ ਹੀ ਤਾਂ ਗੱਲ ਹੈ ਅਤੇ ਫਿਰ ਹਮੇਸ਼ਾਂ ਵਾਸਤੇ ਮੁਕਤ ! ਵੇਖਿਆ ਤੁਸੀਂ, ਸਮਾਜ ਨੂੰ ਬਦਲ ਦੇਣਾ ਕਿਤਨਾ ਆਸਾਨ ਹੈ—ਕੇਵਲ ਇਤਨੀ ਹੀ ਤਾਂ ਗੱਲ ਹੈ ਕਿ ਆਪਣੀ ਮਿਹਨਤ ਨਾਲ ਦੁਨੀਆਂ ਦੀਆਂ ਬੇਹਤਰੀਨ ਚੀਜ਼ਾਂ ਨੂੰ ਬਣਾਉਣ ਵਾਲੇ ਮਜ਼ਦੂਰ –ਕਿਸਾਨ ਉਹਨਾਂ ਚੀਜ਼ਾਂ ਉਤੇ ਅਤੇ ਉਨ੍ਹਾਂ ਚੀਜ਼ਾਂ ਨੂੰ ਬਨਾਉਣ ਵਾਲੇ ਸਭ ਕਾਰਖਾਨਿਆਂ ਉੱਪਰ ਅਧਿਕਾਰ ਕਰ ਲੈਣ। ਜਦੋਂ ਬਨਾਉਣ ਨਾਲੋਂ ਖਾਣਾ ਆਸਾਨ ਹੈ ਅਤੇ ਅਸੀਂ ਬਨਾਉਣ ਦਾ ਮੁਸ਼ਕਲ ਕੰਮ ਲਗਾਤਾਰ ਕਰ ਰਹੇ ਹਾਂ ਤਾਂ ਫਿਰ ਖਾਣ ਦਾ ਆਸਾਨ ਕੰਮ ਕਿਉਂ ਨਹੀਂ ਕਰ ਸਕਦੇ ? ਸਮਾਜ ਨੂੰ ਬਦਲਣਾ ਆਸਾਨ ਤਾਂ ਬਹੁਤ ਹੈ, ਬਸ਼ਰਤੇ ਕਿ ਅਸੀਂ ਮੇਹਨਤਕਸ਼ ਦੇ ਲੱਖਾਂ-ਕਰੋੜਾਂ ਲੋਕ ਇਸ ਨੂੰ ਬਦਲਣ ਦਾ ਇਰਾਦਾ ਕਰ ਲਈਏ. ਅਤੇ ਪੁਰਾਣੇ ਸਮਾਜ ਨੂੰ ਨਸ਼ਟ ਕਰਕੇ ਨਵੇਂ ਸਮਾਜ ਦੇ ਨਿਰਮਾਣ ਦੇ ਕੰਮ ਵਿਚ ਜੁੱਟ ਜਾਈਏ ਅਤੇ ਇਹੋ ਸਭ ਤੋਂ ਜ਼ਿਆਦਾ ਮੁਸ਼ਕਲ ਪੈਦਾ ਹੁੰਦੀ ਹੈ ਕਿਉਂਕਿ ਲੁਟੇਰੇ ਵਰਗ ਨੇ ਸਾਡੇ ਦਿਮਾਗ ਵਿਚ ਇਹ ਗੱਲ ਪੈਦਾ ਕਰ ਦਿੱਤੀ ਹੈ ਇਹ ਦੁਨੀਆਂ ਪ੍ਰਮਾਤਮਾ ਨੇ ਬਣਾਈ ਹੈ, ਸਾਡੇ ਸੁਖ-ਦੁਖ ਸਾਡੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੈ ਅਤੇ ਸਾਡੇ ਦੁਖ-ਦਰਦ ਨੂੰ ਭਗਵਾਨ ਹੀ ਦੂਰ ਕਰ ਸਕਦਾ ਹੈ। ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਪੂਜਾ ਵਗੈਰਾ ਕਰਨ ਤੋਂ ਇਲਾਵਾ ਸਾਡੇ ਸਾਮ੍ਹਣੇ ਕੋਈ ਵੀ ਰਸਤਾ ਨਹੀਂ ਹੈ। ਦਰਅਸਲ ਲੁਟੇਰੇ-ਪੂੰਜੀਪਤੀ-ਜ਼ਿਮੀਂਦਾਰ ਇਹ ਅੱਛੀ ਤਰ੍ਹਾਂ ਜਾਣਦੇ ਹਨ, ਇਹ ਦੁਨੀਆਂ ਅਸੀਂ ਮੇਹਨਤਕਸ਼ ਲੋਕਾਂ ਨੇ ਹੀ ਬਣਾਈ ਹੈ ਅਤੇ ਅਸੀਂ ਹੀ ਇਸ ਨੂੰ ਚਲਾ ਰਹੇ ਹਾਂ, ਇਹ ਵੀ ਕਿ ਸਾਡੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਉਹ ਗਿਣਤੀ ਵਿਚ ਬਹੁਤ ਹੀ ਘਟ, ਦੂਸਰਿਆਂ ਦੀ ਮੇਹਨਤ ਦੀ ਚੋਰੀ ਕਰਕੇ ਐਥੋਂ ਆਰਾਮ ਨਾਲ ਰਹਿਣ ਕਰਕੇ ਉਹ ਅਤਿਆਚਾਰੀ ਵੀ ਹਨ ਅਤੇ ਇਹ ਵੀ ਕਿ ਇਸ ਸ਼ੋਸ਼ਣ-ਉਤਪੀੜਨ ਨਾਲ ਪ੍ਰੇਸ਼ਾਨ ਹੋ ਕੇ ਅਸੀਂ ਮਜ਼ਦੂਰ-ਕਿਸਾਨ ਉਨ੍ਹਾਂ ਨੂੰ ਨਫ਼ਰਤ ਵੀ ਕਰਦੇ ਹਾਂ ਅਤੇ ਪੈਦਾਵਾਰ ਦੇ ਸਾਧਨਾਂ ਉਤੇ ਅਧਿਕਾਰ ਕਰਕੇ ਉਨ੍ਹਾਂ ਨੂੰ ਕੁੱਟ ਮਾਰ ਕੇ ਭਜਾ ਸਕਦੇ ਹਾਂ—ਐਸੀ ਪ੍ਰਤੀਕੂਲ ਸਥਿਤੀ ਵਿਚ ਆਪਣੀ ਲੁੱਟ ਅਤੇ ਮੁਨਾਫ਼ਾਖੋਰੀ ਦੀ ਰਖਿਆ ਵਾਸਤੇ ਉਹ ਇਕ ਸ਼ੜਯੰਤਰ ਰਚਦੇ ਹਨ—ਉਹ ਆਪਣੀਆਂ ਐਨਕਾਂ ਸਾਡੀਆਂ ਅੱਖਾਂ ਨੂੰ ਲਗਾ ਦਿੰਦੇ ਹਨ, ਜਿਸ ਦੇ ਪ੍ਰਭਾਵ ਨਾਲ ਸਾਨੂੰ ਉਨ੍ਹਾਂ ਦੀ ਲੁੱਟ ਵਾਜਬ ਲੱਗਣ ਲਗ ਪੈਂਦੀ ਹੈ, ਉਨ੍ਹਾਂ ਦੇ ਸੁਖ ਅਤੇ ਸਾਡੇ ਦੁਖ ਦਾ ਕਾਰਣ ਪੂਰਵ


If you are looking for
*Quality [redacted]
* Quality
* Price
* After sale service when
buying your car contact
Kuldip S. Jhand

ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



Office
521-7731
Res. 524-4137

WESTMINSTER
CHEVROLET-
OLDSMOBILE
12 th Ave. at Queens Ave
New West Minster

ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ
ਸ਼ਾਡੇ ਸਟੋਰ ਵਿਚ ਦਰਸ਼ਨ ਦਿਓ।

Largest of it's kind in
North America

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

British Columbia's.
Finest Indian
Grocery Store

327-0295

5125 VICTORIA
DRIVE VANCOUVER

ਜਨਮ ਦੇ ਕਰਮ ਦਿਖਾਈ ਦੇਣ ਲਗਦੇ ਹਨ, ਦਾਣੇ ਦਾਣੇ ਉਤੇ ਖਾਣ ਵਾਲੇ ਦੀ ਮੋਹਰ ਨਜ਼ਰ ਆਉਣ ਲੱਗਦੀ ਹੈ, ਇਹ ਅਸਲੀ ਦੁਨੀਆਂ ਨਕਲੀ ਲੱਗਣ ਲੱਗਦੀ ਹੈ ਅਤੇ ਪਰਲੋਕ ਦੀ ਨਕਲੀ ਦੁਨੀਆਂ ਅਸਲੀ ਦਿਖਾਈ ਲੱਗਣ ਲੱਗਦੀ ਹੈ। ਜਿਸ ਤਰ੍ਹਾਂ ਸਿਰ ਦੇ ਭਾਰ ਖੜੇ ਹੋਏ ਆਦਮੀ ਨੂੰ ਅਸਮਾਨ ਇਕ ਨਜ਼ਦੀਕ ਹਕੀਕਤ ਦਿਖਾਈ ਦਿੰਦੀ ਹੈ ਅਤੇ ਧਰਤੀ ਉਸ ਦੀ ਨਜ਼ਰ ਵਿਚ ਹੀ ਨਹੀਂ ਆਉਂਦੀ, ਇਸ ਤਰ੍ਹਾਂ ਆਦਮਖੋਰ ਲੁਟੇਰੇ ਆਪਣੇ ਫਾਇਦੇ ਦੇ ਵਿਚਾਰਾਂ ਦਾ ਰਿਕਾਰਡ ਸਾਡੇ ਦਿਮਾਗ ਵਿਚ ਫਿਟ ਕਰਕੇ ਸਾਡੀ ਸਹੀ ਨਿਗਾਹ ਨੂੰ ਆਪਣੇ ਫਾਇਦੇ ਵਿਚ ਧੁੰਦਲਾ ਤੇ ਕਮਜ਼ੋਰ ਬਣਾ ਦਿੰਦੇ ਹਨ ਅਤੇ ਇਕ ਤਰ੍ਹਾਂ ਨਾਲ ਸਾਨੂੰ ਅੰਨ੍ਹੇ ਅਤੇ ਅੰਨ੍ਹਿਆਂ ਨਾਲੋਂ ਵੀ ਜ਼ਿਆਦਾ ਬੇਵਕੂਫ ਬਣਾ ਦਿੰਦੇ ਹਨ, ਕਿਉਂਕਿ ਅੰਨ੍ਹੇ ਨੂੰ ਤਾਂ ਕੁਛ ਦਿਖਾਈ ਨਹੀਂ ਦਿੰਦਾ, ਜਦੋਂ ਕਿ ਸਾਨੂੰ ਹਰ ਚੀਜ਼ ਉਲਟੀ ਦਿਖਾਈ ਦਿੰਦੀ ਹੈ। ਮਤਲਬ ਕਿ ਜੋ ਹੈ, ਉਹ ਦਿਖਾਈ ਨਹੀਂ ਦਿੰਦਾ ਅਤੇ ਜੋ ਨਹੀਂ ਹੈ, ਉਹ ਦਿਖਾਈ ਦਿੰਦਾ ਹੈ, ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜੋ ਪੂੰਜੀਪਤੀ-ਜ਼ਿਮੀਂਦਾਰ ਸਾਡੇ ਦੁਖ ਦਰਦ ਦੇ ਕਾਰਨ ਹਨ ਅਤੇ ਜਿਨ੍ਹਾਂ ਨੂੰ ਸਾਨੂੰ ਨਫਰਤ ਕਰਨੀ ਚਾਹੀਏ—ਲੜਨਾ ਚਾਹੀਏ, ਉਹ ਸਾਨੂੰ **'ਈਸ਼ਵਰ ਪੁੱਤਰ', 'ਗਰੀਬ-ਪਰਵਰ', 'ਅੰਨ ਦਾਤਾ', ਅਤੇ ਕਿਰਪਾ ਨਿਧਾਨ** ਨਜ਼ਰ ਆਉਣ ਲਗਦੇ ਹਨ। ਅਤੇ ਉਨ੍ਹਾਂ ਨਾਲ ਨਫਰਤ ਕਰਨ ਅਤੇ ਲੜਨ ਦੀ ਥਾਂ ਅਸੀਂ ਉਨ੍ਹਾਂ ਪ੍ਰਤੀ ਪ੍ਰੇਮ ਅਤੇ ਸ਼ਰਧਾ ਦੀ ਭਾਵਨਾ ਨਾਲ ਲੋਟ ਪੋਟ ਹੋ ਜਾਂਦੇ ਹਾਂ। ਦੇਖਿਆ ਤੁਸੀਂ, ਇਹ ਜਾਬਰ ਲੋਟੂ ਜ਼ਿਮੀਂਦਾਰ ਅਤੇ ਪੂੰਜੀਪਤੀ ਕਿੰਨੇ ਚਾਲਾਕ ਹਨ? ਕਦੀ ਤੁਸੀਂ ਸੜਕ ਦੇ ਕਿਨਾਰੇ ਬਕਸਿਆਂ ਵਿਚੋਂ ਕੱਢ ਕੱਢ ਕੇ ਸੱਪ ਦਿਖਾਉਣ ਵਾਲਾ ਆਦਮੀ ਵੇਖਿਆ ਹੈ—ਇਹ ਕਿੰਨੀ ਸਫਾਈ ਨਾਲ ਸੱਪ ਦਿਖਾਉਂਦਾ ਦਿਖਾਉਂਦਾ ਦੰਦਾਂ ਦਾ ਮੰਜਨ ਵੇਚਣ ਲੱਗਦਾ ਹੈ ਅਤੇ ਸਾਨੂੰ ਮਿੱਟੀ-ਕੋਇਲੇ ਰਾਖ ਨਾਲ ਬਣਿਆ ਉਸ ਬੇਕਾਰ ਮੰਜਨ ਨੂੰ ਖਰੀਦਣ ਤੋਂ ਬਾਅਦ ਵੀ ਉਸ ਦੀ ਚਾਲਾਕੀ ਦਾ ਅਹਿਸਾਸ ਨਹੀਂ ਹੁੰਦਾ ਲੇਕਿਨ ਇਹ ਜ਼ਿਮੀਂਦਾਰ-ਪੂੰਜੀਪਤੀ ਸੱਪ ਦਿਖਾ ਕੇ ਮੰਜਨ ਵੇਚਣ ਵਾਲੇ ਆਦਮੀ ਤੋਂ ਵੀ ਜ਼ਿਆਦਾ ਚਾਲਾਕ ਹੁੰਦੇ ਹਨ, ਕਿਉਂਕਿ ਇਹ ਭੁੱਖ, ਬੇਕਾਰੀ, ਦਮਨ, ਉਤਪੀੜਨ ਦੇ ਸੌਦਾਗਰ ਹੁੰਦੇ ਹੋਏ ਵੀ ਉਨ੍ਹਾਂ ਲੋਕਾਂ ਰਾਹੀਂ 'ਅੰਨ੍ਹ-ਦਾਤਾ' ਅਤੇ 'ਜਨ ਰਖਸ਼ਕ' ਕਿਹਾ ਜਾਂਦਾ ਹੈ ਜਿਨ੍ਹਾਂ ਦੀ ਰੋਟੀ ਵੀ ਖੋਹ ਲੈਂਦੇ ਹਨ ਅਤੇ ਹੱਤਿਆ ਵੀ ਕਰਦੇ ਹਨ—ਅਤੇ ਆਪਣੇ ਵਿਚਾਰਾਂ ਨੂੰ ਫੈਲਾਉਣ ਮਤਲਬ ਕਿ ਰੌਸ਼ਨੀ ਦਾ ਗਲ ਘੁੱਟ ਕੇ ਹਨੇਰੇ ਨੂੰ ਫੈਲਾਉਣ ਦਾ ਇਹ ਕੰਮ ਬਹੁਤ ਬਾਰੀਕੀ ਨਾਲ ਹਰ ਪਲ ਕਰਦੇ ਰਹਿੰਦੇ ਹਨ। ਰੇਡੀਉ, ਅਖਬਾਰ, ਸਾਹਿਤ, ਟੈਲੀਵੀਜ਼ਨ, ਸਿਨੇਮਾ, ਸਕੂਲ-ਕਾਲਜ, ਮੰਦਿਰ-ਮਸਜਿਦ, ਰਾਸ਼ੀਫਲ, ਲਾਟਰੀ ਆਦਿ ਦੇ ਰੂਪ ਵਿਚ ਇਨ੍ਹਾਂ ਲੁਟੇਰਿਆਂ ਨੇ ਮੱਕੜੀ ਦੇ ਜਾਲੇ ਦੀ ਤਰ੍ਹਾਂ ਆਪਣਾ ਮਾਇਆ ਜਾਲ ਇਤਨਾ ਵਿਆਪਕ ਅਤੇ ਮਜ਼ਬੂਤ ਬਣਾਇਆ ਹੈ ਕਿ ਅਸੀਂ ਮੱਖੀ ਦੀ ਤਰ੍ਹਾਂ ਉਸ ਵਿਚ ਆਸਾਨੀ ਨਾਲ ਫਸ ਜਾਂਦੇ ਹਾਂ—ਦੇਖਿਆ ਤੁਸੀਂ ਸਮਾਜ ਨੂੰ ਬਦਲ ਦੇਣ ਦੇ ਕਿਤਨੇ ਆਸਾਨ ਕੰਮ ਦੀ ਇਨ੍ਹਾਂ ਦਰਿੰਦਿਆਂ ਨੇ ਆਪਣੇ ਨਿੱਜ-ਸਵਾਰਥਾਂ ਦੀ ਹਿਫਾਜ਼ਤ ਲਈ ਕਿੰਨਾ ਮੁਸ਼ਕਲ ਬਣਾ ਦਿੱਤਾ ਹੈ? ...

... ਵੇਖਿਆ ਭਾਈ, ਸਮਾਜ ਨੂੰ ਬਦਲਣ ਲਈ ਸਭ ਤੋਂ ਪਹਿਲੀ ਜ਼ਰੂਰਤ ਇਹ ਹੈ ਕਿ ਅਸੀਂ ਇਸ ਸਮਾਜ ਨੂੰ ਜਾਣੀਏ, ਇਸ ਵਿਚ ਹੋਣ ਵਾਲੇ ਪ੍ਰੀਵਰਤਨਾਂ ਦੇ ਨਿਯਮਾਂ ਨੂੰ ਸਮਝੀਏ ਅਤੇ ਇਸ ਨੂੰ ਭਗਵਾਨ ਦੀ ਮਾਇਆ ਅਰਥਾਤ ਭਾਗਾਂ ਦੀ ਖੇਡ ਮੰਨ ਕੇ ਅੱਖਾਂ ਮੀਟ ਕੇ ਨਾ ਬੈਠੇ ਰਹੀਏ। ਇਕ ਜਗਦਾ ਹੋਇਆ ਦੀਵਾ ਬੁਝੇ ਹੋਇਆਂ ਨੂੰ ਜਗਾ ਸਕਦਾ ਹੈ ਅਤੇ ਰੋਸ਼ਨੀ ਹੀ ਹਨ੍ਹੇਰੇ ਨੂੰ ਦੂਰ ਕਰ ਸਕਦੀ ਹੈ। ਸਾਨੂੰ ਕਿਸਮਤ, ਪੁਨਰ ਜਨਮ ਅਤੇ ਪਰਲੋਕ ਆਦਿ ਜੈਸੇ ਅੰਧ-ਵਿਸ਼ਵਾਸਾਂ ਦੇ ਵਿਰੁਧ ਸੰਘਰਸ਼ ਕਰਕੇ ਆਪਣੇ ਮਨੁਖਾਂ ਨੂੰ ਅੰਧਕਾਰ ਦੀ ਕੈਦ ਤੋਂ ਮੁਕਤ ਕਰਨਾ ਹੋਵੇਗਾ। ...


**PAUL'S PLUMBING & ELECTRICAL SUPPLY**

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ! ਤੁਹਾਡੀ ਜ਼ਰੂਰਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ। ਸਾਡੇ ਕੋਲ ਆਓ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.

**ਭਾਰਤੀ ਆਰਟ ਜਿਊਲਰਜ਼**

ORIENTAL SILVER AND GOLD JEWELRY REPAIRING



**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

**VICON MEDIC PHARMACY**

ਵਾਈਕਾਨ ਫਾਰਮੇਸੀ ਤੁਹਾਡੀ ਜ਼ਰੂਰਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਜਿਥੇ ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

**6407 MAIN ST.
VANCOUVER, B.C.**

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੱਲੋਂ 25 ਜਨਵਰੀ ਨੂੰ ਇਕ ਆਮ ਮੀਟਿੰਗ ਸੱਦੀ ਗਈ ਜਿਸ ਵਿੱਚ ਐਸੋਸੀਏਸ਼ਨ ਦੇ ਮੈਂਬਰਾਂ ਤੋਂ ਇਲਾਵਾ ਸੰਪਾਦਕ ਵਤਨੋਂ ਦੂਰ, ਸੰਪਾਦਕ ਇੰਡੋਕਨੇਡੀਅਨ ਅਤੇ ਗੁਰਚਰਨ ਰਾਮਪੁਰੀ ਨੇ ਵਿਸ਼ੇਸ਼ ਤੌਰ ਤੇ ਹਿੱਸਾ ਲਿਆ। ਅਜਮੇਰ ਰੋਡੇ ਅਤੇ ਗੁਰਚਰਨ ਰਾਮਪੁਰੀ (ਜੋ ਪੰਜਾਬੀ ਵਿਸ਼ਵ ਸੰਮੇਲਨ ਦੀ ਅੰਤਰ ਰਾਸ਼ਟਰੀ ਕਮੇਟੀ ਦੇ ਮੈਂਬਰ ਹਨ।) ਨੇ ਦੱਸਿਆ ਕਿ ਪੰਜਾਬ ਵਿੱਚ ਅੰਤਰ ਰਾਸ਼ਟਰੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਅਗਲਾ ਪੰਜਾਬੀ ਵਿਸ਼ਵ ਸੰਮੇਲਨ ਕਨੇਡਾ ਵਿੱਚ ਹੋ ਰਿਹਾ ਹੈ ਅਤੇ ਇੱਥੋਂ ਦੇ ਲੇਖਕਾਂ, ਲੇਖਕ ਸਭਾਵਾਂ ਅਤੇ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ। ਇਹ ਕਨੇਡਾ ਵਿੱਚ ਸੰਮੇਲਨ ਦੇ ਹੋਣ ਜਾਂ ਨਾਂ ਹੋਣ ਬਾਰੇ ਵਿਚਾਰ ਵਟਾਂਦਰਾ ਹੋਇਆ। ਸੰਮੇਲਨ ਦੇ ਕਨੇਡਾ ਵਿੱਚ ਨਾ ਹੋਣ ਦੇ ਪੱਖ ਵਿੱਚ ਕਈ ਸੁਝਾਅ ਆਏ ਪਰ ਜਿਹੜੇ ਸੁਝਾਅ ਉਭਰਕੇ ਸਾਹਮਣੇ ਆਏ ਅਤੇ ਜਿਨ੍ਹਾਂ ਨਾਲ ਸੱਭ ਸਹਿਮਤ ਸਨ। ਉਹ ਹੇਠ ਲਿਖੇ ਹਨ।

1. ਪੰਜਾਬੀ ਵਿਸ਼ਵ ਸੰਮੇਲਨ ਪਹਿਲਾਂ ਹਿੰਦੁਸਤਾਨ ਵਿੱਚ ਹੋਣਾ ਚਾਹੀਦਾ ਹੈ ਪੰਜਾਬ ਵਿੱਚ ਜਾਂ ਦਿੱਲੀ। ਤਾਂ ਕਿ ਉਥੋਂ ਦੇ ਸਭ ਲੇਖਕ ਪਾਠਕ ਇਸ ਵਿੱਚ ਹਿੱਸਾ ਲੈ ਸਕਣ। ਬਾਹਰ ਰਹਿੰਦੇ ਲੇਖਕ ਸੰਮੇਲਨ ਵਿੱਚ ਜਾਂ ਆਪਣੇ ਖਰਚੇ ਅਨੁਸਾਰ ਹਿੰਦੁਸਤਾਨੀ ਲੇਖਕਾਂ ਨਾਲ ਸਾਂਝ ਕਰ ਸਕਦੇ ਹਨ।

2. ਕਨੇਡਾ ਵਿੱਚ ਰਹਿੰਦੇ ਲੇਖਕਾਂ ਦੇ ਆਪਸੀ ਸਬੰਧ ਅਤੇ ਸਾਹਿਤ ਪਾਠਕਾਂ ਦੀ ਗਿਣਤੀ ਅਜੇ ਕਨੇਡਾ ਵਿੱਚ ਸੰਮੇਲਨ ਹੋਣ ਦੇ ਅਨੁਕੂਲ ਨਹੀਂ ਹਨ।

3. ਕਨੇਡਾ ਦੇ ਭੂਗੋਲਿਕ ਹਾਲਾਤ ਦੂਜੇ ਸ਼ਬਦਾਂ ਵਿੱਚ ਫ਼ਾਸਲਿਆਂ ਦੀ ਦੂਰੀ ਏਨੀ ਹੈ ਕਿ ਕਨੇਡਾ ਵਿੱਚ ਸਫਰ ਕਈ ਔਕੜਾਂ ਭਰਪੂਰ ਖਰਚੇ ਕਾਫੀ ਜ਼ਿਆਦੇ ਆਉਂਦੇ।

4. ਜੇ 10-15 ਲੇਖਕ ਆਪਣੇ ਕੋਲੋਂ ਖਰਚ ਕਰ ਕਨੇਡਾ ਵਿੱਚ ਆ ਵੀ ਜਾਣ ਤਾਂ ਇਹ ਸੰਮੇਲਨ ਅਮੀਰ ਲੇਖਕਾਂ ਦਾ ਸੰਮੇਲਨ ਤਾਂ ਹੋ ਸਕਦਾ ਹੈ ਪਰ ਪੰਜਾਬੀ ਵਿਸ਼ਵ ਸੰਮੇਲਨ ਨਹੀਂ

5. ਇੰਗਲੈਂਡ ਦੇ ਹਾਲਾਤਾਂ ਨੂੰ ਵੇਖਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਸੰਮੇਲਨ ਹੋਣ ਕਾਰਨ ਉਥੋਂ ਦੇ ਲੇਖਕਾਂ ਅਤੇ ਲੇਖਕ ਸਭਾਵਾਂ ਵਿਚਕਾਰ ਆਪਸੀ ਪਾੜਾ ਘਟਣ ਦੀ ਥਾਂ ਵਧਿਆ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਅਜਿਹਾ ਕੁਝ ਕਨੇਡਾ ਵਿੱਚ ਵੀ ਵਾਪਰੇ।

6. ਆਉਣ ਵਾਲੇ ਸਮੇਂ ਵਿੱਚ ਜੇ ਏਥੋਂ ਦੇ ਲੇਖਕ, ਲੇਖਕ ਸਭਾਵਾਂ ਅਤੇ ਲੋਕ ਇਹ ਮਹਿਸੂਸ ਕਿ ਏਥੇ ਪੰਜਾਬੀ ਵਿਸ਼ਵ ਸੰਮੇਲਨ ਦੀ ਲੋੜ ਹੈ ਤਾਂ ਇਸਦਾ ਫੈਸਲਾ ਏਥੋਂ ਦੇ ਲੇਖਕ ਅਤੇ ਸਭਾਵਾਂ ਦਾ ਹੋਣਾ ਚਾਹੀਦਾ ਹੈ ਨਾਂ ਕਿ ਇਸਦਾ ਫੈਸਲਾ ਪੰਜਾਬ ਵਿੱਚ ਹੋਵੇ।

ਇਸ ਵਿਚਾਰ ਵਟਾਂਦਰੇ ਤੋਂ ਬਾਅਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੇ ਨਵੇਂ ਸਾਲ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿਸ ਵਿੱਚ ਸਰਬ ਸੰਮਤੀ ਨਾਲ ਜਰਨੈਲ ਸਿੰਘ (ਪ੍ਰਧਾਨ), ਕੁਲਵੰਤ ਸੰਘੇੜਾ (ਸਕੱਤਰ) ਅਤੇ ਸ਼ਮਸ਼ੇਰ ਤੱਟੀ ਅਰਥ ਸਕੱਤਰ ਚੁਣੇ ਗਏ।

ਸੁਖਵੰਤ ਹੁੰਦਲ

---

— ਸਫਾ 24 ਦੀ ਬਾਕੀ

ਦਾ ਸੀ। ਇਧਰ ਜਦ ਪੁਲੀਸਮੈਨ ਦੇ ਪੀਤੇ ਦੀ ਆਈ. ਡੀ. ਮੰਗੀ ਤਾਂ ਪੀਤੇ ਹੋਰਾਂ ਦੀ ਪੀਤੀ ਹੋਈ ਸਾਰੀ ਉਤਰ ਗਈ। ਵਿਚਾਰਾ ਸਾਰੇ ਲੁਕਿਆ ਹੋਣ ਦੇ ਚੋਰ ਇਕ ਇਮੀਗਰੇਸ਼ਨ ਵਾਲਿਆਂ ਦੇ ਤੀਜੇ ਦਿਨ ਪੀਟ ਦੀ ਸੀਟ ਇੰਡੀਆ ਨੂੰ ਬੁੱਕ ਕਰਾਤੀ। ਤਿੰਨ ਦਿਨ ਪਹਿਲਾਂ ਮਿਲੀ ਸੈਰੀ ਦੇ ਖਿਆਲਾਂ ਵਿਚ ਡੁੱਬੇ ਨੂੰ ਉਦੋਂ ਪਤਾ ਲੱਗਾ ਜਦ ਇਮੀਗਰੇਸ਼ਨ ਵਾਲਿਆਂ ਨੇ ਹੱਥਕੜੀ ਪੇਸ਼ ਦੇ ਜਹਾਜ਼ ਵੱਲ ਨੂੰ ਤੋਰ ਦਿੱਤਾ।

0 0 0

ਮਿੰਨੀ ਰਚਨਾਵਾਂ ਦੀ ਪਹਿਲੀ ਪੱਤਰਕਾ
ਅਣੂ
ਇਕ ਅੰਕ: 50 ਪੈਸੇ  ਬਾਰ੍ਹਾਂ ਅੰਕ: 5 ਰੁਪਏ
ਸੰਪਾਦਕ:
ਸੁਰਿੰਦਰ ਕੈਲੇ  ਰਵਿੰਦਰ ਰਤਨ
ਸੰਪਰਕ:
9-ਡੀ, ਸਰਾਭਾ ਨਗਰ, ਲੁਧਿਆਣਾ - 14001

# ਪੁਸਤਕ ਪ੍ਰੀਖਿਆ

ਕੰਚਨੀ
ਲੇਖਕ : ਗੁਰਚਰਨ ਰਾਮਪੁਰੀ
ਪ੍ਰਕਾਸ਼ਕ : ਨਿਊ ਏਜ ਬੁੱਕ ਸੈਂਟਰ

'ਕੰਚਨੀ' ਗੁਰਚਰਨ ਰਾਮਪੁਰੀ ਦਾ, ਨਿਊ ਏਜ ਬੁੱਕ ਸੈਂਟਰ ਵਾਲਿਆਂ ਦਾ ਛਪਿਆ ਹੋਇਆ ਕਾਵਿ ਸੰਗ੍ਰਹਿ ਹੈ।

ਇਹ ਚੋਣਵੀਂ ਰਚਨਾ ਦਾ ਸੰਗ੍ਰਹਿ ਹੈ। ਇਸ ਵਿਚ 74% ਪੁਰਾਣੀਆਂ, ਪਹਿਲੀਆਂ ਲਿਖੀਆਂ ਅਤੇ ਛਪੀਆਂ ਹੋਈਆਂ ਨਜ਼ਮਾਂ ਹਨ ਅਤੇ 26% ਨਵੀਆਂ। ਇਸ ਸੰਗ੍ਰਹਿ ਵਿਚ 115 ਦੇ ਕਰੀਬ ਨਜ਼ਮਾਂ ਹਨ।

ਪੁਸਤਕ ਦੇ ਅੰਤ ਵਿਚ ਲਿਖਿਆ 'ਮੈਂ ਤੇ ਮੇਰੀ ਕਵਿਤਾ' ਵਿਚ ਕਵੀ ਨੇ ਸੱਭ ਕੁਝ ਲਿਖਿਆ ਹੈ ਕਿ ਕਿਵੇਂ ਉਸਦੀ ਕਵਿਤਾ, ਕਿੰਨ੍ਹਾਂ ਕਿੰਨ੍ਹਾਂ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਨਿਖਰੀ। ਇਹ ਸੰਗ੍ਰਹਿ ਕਵੀ ਦੇ ਕਾਵਿ-ਸਫ਼ਰ ਦਾ ਸਮੁੱਚਾ ਪਰਭਾਵ ਹੈ।

ਇਸ ਸੰਗ੍ਰਹਿ ਵਿਚ ਕਾਫ਼ੀ ਨਜ਼ਮਾਂ ਬਹੁਤ ਪ੍ਰਭਾਵਸ਼ਾਲੀ ਅਤੇ ਬੌਧਿਕ ਹਨ। ਉਦਾਹਰਣ ਵਜੋਂ ਕੁਝ ਖੂਬਸੂਰਤ ਅਤੇ ਬੇਹਤਰੀਨ ਲਾਈਨਾਂ ਹਾਜ਼ਰ ਹਨ।

ਚੰਨ ਤੇ ਧਰਤੀ ਦੀ ਵਿੱਥ ਨੂੰ ਤਾਂ ਉਲੰਘ ਚੁੱਕਾ ਮਨੁੱਖ,
ਲੀਕ ਦੇਸ਼ਾਂ ਦੀ ਅਜੇ ਨਾ ਟਪਿਆ। (ਕੰਚਨੀ)

ਧਰਮ ਦੇ ਰੱਬ ਦੀ ਜਦੋਂ ਆਇਆ ਹੈ ਜ਼ੋਰ,
ਉਸ ਦੀ ਸੌਂਹ ਕਿਤਾਬਾਂ ਠੱਪੀਆਂ,
ਆਪ ਦੀਵਾ ਛੱਪਰੀ ਦੇ ਲਈ ਲਾਂਬੂ ਬਣ ਗਿਆ। (ਦੁਬਿਧਾ)

ਜਾਂ ਫਿਰ ਕਲਪਨਾਂ ਨੂੰ ਕਿਹਾ ਸੁੰਦਰ ਵਿਆਖਿਆ ਹੈ :

ਰੰਗ ਬਰੰਗੇ ਅਨੇਕਾਂ ਰੂਪ ਨੂੰ
ਜਿਸਦਾ ਸੁਪਨਾ ਦੀ ਲਿਖਾ ਜਾ ਰੂਪ ਨੇ,
ਕਰਾਮਾਤਾਂ ਕਲਪਨਾ ਦਾ ਹੈ ਸੂਤਾ,
ਦੇਸ਼ ਨੂੰ ਅਣਹੋਣੀਆਂ ਦਾ ਨਸ਼ਾ। (ਕਲਪਨਾ)

ਸੰਤਾਲੀ ਦੇ ਫਸਾਦਾਂ ਵੇਲੇ ਦੀ 'ਸਾਂਝਾ ਪੰਜਾਬ' ਨਾਂ ਦੀ ਕਵਿਤਾ ਵਿਚ ਕਵੀ ਸੀਨਾ ਫਟਿਆ ਤੇ ਅੱਖ ਭਰ ਆਈ। 'ਚਿਤਾਵਨੀ,' 'ਮਸ਼ੀਨ' ਅਤੇ ਵਿਤਕਰਾ ਨਾਂ ਦੀਆਂ ਕਵਿਤਾਵਾਂ ਵਰਨਣ ਯੋਗ ਹਨ।

ਜਿਥੇ ਇਸ ਪੁਸਤਕ ਵਿਚ ਅਨੇਕਾਂ ਖੂਬਸੂਰਤ ਕਵਿਤਾਵਾਂ ਹਨ ਉਥੇ ਕੁਝ ਕਵਿਤਾਵਾਂ ਅਜਿਹੀਆਂ ਵੀ ਹਨ ਕਿ ਜਿਨ੍ਹਾਂ ਨਾਲ ਇਕ ਸਧਾਰਨ ਪਾਠਕ ਦਾ ਦਿਲ ਤਾਂ ਪਰਚ ਸਕਦਾ ਹੈ, ਪਰ ਇਕ ਸੁਲਝੇ ਹੋਏ ਪਾਠਕ ਅਤੇ ਆਲੋਚਕ ਦੇ ਮਨ ਵਿਚ ਕੁਝ ਸਵਾਲ ਪੈਦਾ ਹੋ ਜਾਂਦੇ ਹਨ।

ਮਿਸਾਲ ਵਜੋਂ :

ਕੌਣ ਕਰ ਸਕੇ ਕੈਦ ਓ
ਤੂੰ ਅਜ਼ਾਦ, ਓ ਤੂੰ ਅਜ਼ਾਦ।
ਕੌਣ ਬਿਜਲੀਆਂ ਫਾਂਸੀ ਦੇਵੇ
ਮੁੱਕ ਗਏ ਜਲਾਦ।
ਨੇਰ੍ਹੀਆਂ ਰਾਤਾਂ ਦਾ ਤੂੰ ਤਾਰਾ
ਸਾਡੇ ਦਿਲ ਦਾ ਹਾਰਾ
ਚਾਨਣ ਸਦਾ ਅਮਰ, ਨੇਰ੍ਹੇ ਨੇ
ਪਲ ਛਿਣ ਨੂੰ ਮਰ ਜਾਣਾ। (ਚਾਨਣ ਦੀ ਸੰਝ ਫੁੱਟੇ)

ਇਸ ਵਿਚ ਕਵੀ ਨੇ ਇਹ ਨਹੀਂ ਦੱਸਿਆ ਕਿ ਜਿਹੜੇ ਜਲਾਦ ਮੁੱਕ ਗਏ ਹਨ, ਉਹ ਕਿਵੇਂ ਮੁੱਕ ਗਏ ਹਨ? ਕਿਸੇ ਸੰਘਰਸ਼ ਦੀ ਬਦੌਲਤ ਜਾਂ ਕਵੀ ਦੇ ਸੁਪਨੇ ਵਿਚ ਆਪਣੇ ਆਪ ਹੀ ਮੁੱਕ ਗਏ ਹਨ। ਇਹ ਠੀਕ ਹੈ ਕਿ ਚਾਨਣ ਸਦਾ ਅਮਰ ਹੈ। ਪਰ ਨੇਰ੍ਹੇ ਨੇ ਪਲ ਛਿਣ ਨੂੰ ਕਿਵੇਂ ਮਰ ਜਾਣਾ ਹੈ? ਪੜ੍ਹ ਕੇ ਇੰਜ ਲੱਗਦਾ ਹੈ ਜਿਵੇਂ ਨੇਰ੍ਹੇ ਨੇ ਪਲ ਛਿਣ ਨੂੰ ਆਪਣੇ ਆਪ ਹੀ ਮਰ ਮਿਟ ਜਾਣਾ ਹੈ। ਜਦੋਂ ਕਿ ਜਿਥੋਂ ਤੱਕ ਨੇਰ੍ਹੇ ਦਾ ਵੱਸ ਚਲਦਾ ਹੈ ਉਹ ਉਥੋਂ ਤੱਕ ਚਾਨਣ ਨੂੰ ਰੋਕਣ ਦਾ ਹਰ ਸੰਭਵ ਯਤਨ ਕਰਦਾ ਹੈ।

ਇਵੇਂ ਹੀ : ਮੁੱਕ ਗਈਆਂ ਜੇਲਾਂ, ਧਨਵਾਨ।

ਰਾਤ ਹਨੇਰੀ ਦੇ ਸੀਨੇ 'ਚੋਂ
ਜਾਗ ਰਹੀ ਪ੍ਰਭਾਤ ਮਹਾਨ। (ਪੈਰ ਭਵਿਖ ਦੇ)

ਹੋਰ ਵੀ ਅਜਿਹੀਆਂ ਅਨੇਕ ਮਿਸਾਲਾਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਲੱਗਦਾ ਹੈ ਕਿ ਧਰਤੀ ਦਾ ਕਵੀ ਦੀ ਸੂਝ ਉਪਰ ਸਰਦਾਰ ਭਾਰੂ ਹੋ ਗਿਆ ਹੈ। ਇਸ ਸੰਗ੍ਰਹਿ ਵਿੱਚ ਕੁਝ ਗੀਤ ਅਤੇ ਗਜ਼ਲਾਂ ਸਿਰਫ ਬਹਿਰ ਵਿੱਚ ਹੀ ਲਿਖੀਆਂ ਹੋਈਆਂ ਹਨ।

ਕੁਝ ਅਲੰਕਾਰ ਜਿਵੇਂ:- ਭਗਤ ਸਿੰਘ, ਸਰਾਭਾ, ਜੱਲ੍ਹਿਆਂ ਵਾਲਾ ਬਾਗ, ਵੀਤਨਾਮ ਅਤੇ ਕੰਬੋਡੀਆ ਆਦਿ ਵਾਰ ਵਾਰ ਦੁਹਰਾਏ ਗਏ ਹਨ। ਕੁਝ ਨਜ਼ਮਾਂ ਬਹੁਤ ਲੰਮੀਆਂ ਹਨ ਜਿਨ੍ਹਾਂ ਦੀ ਲੰਬਾਈ ਹੀ ਉਹਨਾਂ ਦਾ ਰੰਗ ਘਟ ਜਾਂਦੀ ਹੈ। ਇਵੇਂ ਹੀ ਤਪਸ਼ ਅਤੇ ਗਹਿਨਤਾ ਘੱਟ ਲੱਗਣ ਲੱਗ ਪੈਂਦੀ ਹੈ ਤੇ ਵਧੀਆ ਨਜ਼ਮਾਂ ਹੋਣ ਦੇ ਬਾਵਜੂਦ ਵੀ ਅਕਾਊ ਜਾਪਣ ਲੱਗ ਪੈਂਦੀਆਂ ਹਨ।

ਇਸ ਸੰਗ੍ਰਹਿ ਵਿੱਚ ਹਰ ਕਿਸਮ ਦੀਆਂ ਨਜ਼ਮਾਂ ਅਤੇ ਗਜ਼ਲਾਂ ਹਨ ਜਿਨ੍ਹਾਂ ਤੋਂ ਇਹ ਗੱਲ ਪਛਾਨਣੀ ਮੁਸ਼ਕਿਲ ਹੋ ਜਾਂਦੀ ਹੈ ਕਿ ਕਵੀ ਕਿਸੇ ਖਾਸ ਕਿਸਮ ਦੇ ਸਾਹਿਤ ਨਾਲ ਪ੍ਰਤੀਬੱਧ ਹੈ। ਇੰਜ ਪ੍ਰਭਾਵ ਪੈਂਦਾ ਹੈ ਕਿ ਕਵੀ ਮੂਡੀ ਹੈ, ਜਿਸ ਤਰ੍ਹਾਂ ਦਾ ਮੂਡ ਹੋਇਆ ਉਸੇ ਤਰ੍ਹਾਂ ਦੀ ਹੀ ਨਜ਼ਮ ਲਿਖ ਲਈ।

ਮੇਰੇ ਖਿਆਲ ਵਿੱਚ ਜੇ ਇਹਨੀਆਂ ਨਜ਼ਮਾਂ ਨਾਂ ਛਪੀਆਂ ਤਾਂ ਸੰਗ੍ਰਹਿ ਦਾ ਪ੍ਰਭਾਵ ਕਿਤੇ ਵਧੇਰੇ ਹੋਣਾ ਸੀ। ਪਰ ਫਿਰ ਵੀ ਸਮੁੱਚਾ ਕਾਵਿ-ਸੰਗ੍ਰਹਿ ਬਹੁਤ ਵਧੀਆ ਹੈ। ਜਿਸ ਲਈ ਅਜਮੇਰ ਤੋਂ ਸਾਡੇ ਸੁਹਿਰਦਤਾ ਨਾਲ ਭਰਪੂਰ ਲਿਖਣਾ ਆ ਗਿਆ ਹੈ ਉਸਤੋਂ ਇਹ ਹੀ ਆਸ ਬੱਝਦੀ ਹੈ ਕਿ ਅੱਗੇ ਤੋਂ ਉਹ ਸਾਨੂੰ ਹੋਰ ਵੀ ਵਧੇਰੇ ਵਧੀਆ ਸਾਹਿਤ ਦੇਵੇਗਾ।

o o o

ਬਲਦੇਵ ਚੀਮਾਂ

---


Western Canada's Sole Distributors for
**ESQUIRE** Video Cassettes

# Goyal Import-Export Ltd

*PROUDLY ANNOUNCE THE ARRIVAL OF NEW & OLD* **ESQUIRE** *MOVIES*

**Jab-Jab Phool Khiley: Be-Reham: Do-Premee; Maang Bharo Sajana, Patita Satyam Shivam Sundaram, Mera Naam Joker, Ram Balram, BE-REHAM Junoon Shikshaa**



SH. RAJINDER GOYAL

SPECIAL FOR INDIA

**National Panasonic**
CASSETT RECORDER
110/220V RQ-2157 & RQ. 2309
Now Only **$80.00**

**HITACHI**
TRS—8002 W
MW/SW1/SW2/SW3
STEREO CASETTE RECORDER
REG. $325.00
NOW **$265** ONLY

*Mail Order Accepted*

**TOSHIBA**'S 1981 MODEL V 3000
NOW FOR ONLY **$1199** *With one free movie*

FOR ALL YOUR 220V electronic requirements

COME AND SEE US AT

IMPORT-WHOLESALE-RETAIL
4156 FRASER ST. VANCOUVER
**PH: 873-8308 & 9**

# ISLAND INSURANCE AGENCY LTD.

**Before You Insure It**
**Or Renew Your Existing Policy**
**See Us First**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

ਮਲਕੀਤ ਸਿੰਘ ਅਠਵਾਲ

**WE OFFER A COMPLETE INSURANCE SERVICE 12 MONTHS A YEAR.**

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance Needs



**MALKIAT SINGH ATHWAL**
FIELD MANAGER

**BUS: 278-3707**
**278-2515**
**RES: 271-1490**

***For All Your Insurance Needs***

## Give me a call 'n see the difference.

**COMPLETE INSURANCE SERVICE SINCE 1917**

## ISLAND INSURANCE AGENCY LTD.

6700 No. 3 Road Phone 278-2515
Richmond, B.C. V6Y 2C3

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੇ ਮਾਸਕ ਪੱਤਰ

**WATNO DUR**
P.O. BOX 67681 STN. "O"
VANCOUVER, B.C. V5W 3V2

**Second class mail Reg. No. 3233**

To


# A HOME AWAY FROM HOME

ਵਤਨੋਂ ਦੂਰ ਦੇ ਕਨੇਡੀਅਨ ਕਹਾਣੀ ਅੰਕ ਦਾ ਰੀਵਿਊ ਜੋ 14 ਦਸੰਬਰ 1980 ਦੇ ਸੰਡੇ ਸਟੈਂਡਰਡ (ਇੰਡੀਆ) ਵਿੱਚ ਛੱਪਿਆ ਸੀ ਅਸੀਂ ਧੰਨਵਾਦ ਵਜੋਂ ਦੇ ਰਹੇ ਹਾਂ ਤਾਂ ਕਿ ਇਸ ਅੰਕ ਦੇ ਲੇਖਕ ਇਸ ਵਿੱਚ ਆਪਣਾ ਜ਼ਿਕਰ ਹੁੰਦਾ ਵੇਖ ਸਕਣ।

IT is said with pride that there is nothing to match Punjabi entrepreneurship and Punjabis with their daring and enterprise have established little Punjabs in Canada, America, England, and so on. And at the altar of material comforts and the lust for American dollars are sacrificed so many values. The immigrants are rooted out of their land and flung to alien social, cultural and economic cross-currents, adjusting to which can be traumatic. And if they return they bring with them a subculture in the electric gadgets, synthetic clothes and foreign currency. And in villages one finds lonely aged parents with the grown-up sons settled in a home away from home.

From the Punjabi magazines which are being published in these countries of late, one notices that the second generation of immigrants are in search of their roots and thirsty for their culture. The dollars have not compensated for the loss. "Watno Door" (Away From Home) a monthly magazine is brought out by the Punjabis settled in Canada for the last eight years. The latest number is a special issue on what is called the Canadian Punjabi story from the writers of the 'Canadian Punjab'. The 14 short stories included in this issue provide an insight into the life there, the conflict of the west and the east and the resultant emotional problems.

Amarjit Chahal in his "Sidhi Gal" (Simple Truth) deals the problems of aged immigrants who have served their purpose abroad by accummulating money, settling their children and have become a burden on the children there. The hero of the story Lachhkar Singh returns home to his eldest son. Lachhkar Singh can no longer adjust himself to the friendly atmosphere of give and take in the village. He was a money-making machine abroad and at home he would not like to spend even a rupee on an act of kindness. His mannerisms make him a laughing stock and the satire is unmistakable when he is asked by the sweepress. "Is this a Vilayati way of cleaning drains? 'H's angry retort is "Do you think we do this kind of work there?" In short the simple truth is that he and others like him are acceptable nowhere and the only solace they can find is in talking to each other.

"Gharon Beghare" deals with a similar problem of an aged couple who go abroad to their son but the circumstances are such that they decide to return. They are needed there only for babysitting and earning money by toiling to pay their upkeep. Shamsher Bhatti's "Sawa Lakh Da Kushagun" again goes to the parents who lose their son abroad and the insurance claims are no price for their sorrow and loss.

Some stories are devoted to rural life of Punjab. The economic relations in the villages and the exploitation of the poor are related with a sentimental touch. These are not good stories and lack the authenticity of the Punjabi writers here but they do give a glimpse of the conditions which forced them to the exodus.

Baldev Cheema's "rishta" with a hackneyed plot, however, sheds the starry-eyed approach of the young who feel that glamour awaits them across the seas. Avtar Gill in "Sati Veehin Sau" and Tej Sandhu Kunail in "Canada Pheri" depict the plight of people in the hands of the travel agents who have lost all scruples and are involved callously in the human trade. Sadhu's "Dukandar" brings to us the materialistic society where the struggle is not for enough money but for money and the hero seizes a calamity back home in India as a good opportunity to seek advertisement for his store, which is not doing well.

The dedication of the writers who bring out this magazine is appreciable. Some of the typesetting is done here and for the rest they find time from their rat race to write out full stories and articles in black ink and get blocks made, Punjabi type not being available there. Now, the way Punjabis are, it won't be a surprise if someone goes all the way to set up a Punjabi printing press, seeing the demand!

## Between the ads

WHAT the stories leave out is substantiated by the advertisements of the 'Canadian Punjabi' entrepreneurs in "Watno Door". Flashy with bad spellings these advertisements carry the pictures not of the products but of those who sell them.

**— NIRUPAMA DUTT**


WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2